Hansti Duniya (Punjabi)

• Vol. 43 • No. 7 • July 2019

₹15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

• Vol.43 • ਅੰਕ : 07 • ਜੁਲਾਈ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Editor (Honorary)*
Sulekh Singh 'Sathi'
Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org

## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.

ਸਭ ਤੋਂ ਪਹਿਲਾਂ

ਮਾਤਾ-ਪਿਤਾ ਦਾ
ਸਨਮਾਨ







## ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 42
ਬੁੱਧੀ ਦੀ ਪਰਖ 50



## ਚਿੱਤਰਕਥਾਵਾਂ

ਕਿੱਟੀ 20
ਦਾਦਾ ਜੀ 46



















## ਕਹਾਣੀਆਂ


ਬਣਾਇਆ ਪਾਲਤੂ
– ਮਨੋਹਰ ਲਾਲ 06
ਦੰਡ ਦਾ ਬਦਲਾ
– ਸੰਤੋਸ਼ ਗਰਗ 12
ਯੋਗਦਾਨ
– ਸੀਤਾਰਾਮ ਗੁਪਤਾ 24
ਮਾਨਵ ਦੀ ਕਹਾਣੀ
– ਸ਼ਿਵਚਰਣ 28
ਸਭ ਤੋਂ ਅਮੀਰ ਕੌਣ?
– ਰਾਧੇ ਲਾਲ 34
ਖੂਹ ਵਿਚ ਡਿੱਗਾ ਚੰਨ
– ਕਮਲ ਸੋਗਾਨੀ 39
ਭੋਲੂ ਰਿੱਛ ਦੀ ਯੋਜਨਾ
– ਏ.ਪੀ. ਨਿਰੰਕਾਰੀ 40
ਅਸਲੀ ਸਿਖਿਆ
– ਰਾਜਕੁਮਾਰ 44


## ਗੀਤ-ਕਵਿਤਾਵਾਂ


ਆਓ ਪੜ੍ਹਨ ਚੱਲੀਏ
– ਭੀਮ ਨਿਰੰਕਾਰੀ 05
ਦੋ-ਮਿੰਨੀ ਕਵਿਤਾਵਾਂ
– ਜਗਦੀਸ਼ ਬਹਾਦਰਪੁਰੀ 11
ਹੰਸਤੀ ਦੁਨੀਆ ਨੂੰ ਪੜ੍ਹੋ ਬੱਚਿਓ
– ਪ੍ਰਿਤਪਾਲ ਢਿੱਲੋਂ 18
ਬਾਲ ਕਵਿਤਾਵਾਂ
– ਨਿਰਲੇਪ ਕੌਰ 26
ਕੀੜੀ
– ਅਮਨਪ੍ਰੀਤ ਸਿੰਘ 31
ਤਿੰਨ ਬਾਲ-ਕਵਿਤਾਵਾਂ
– ਡਾ. ਦਿਨੇਸ਼ 35


## ਵਿਸ਼ੇਸ਼ ਲੇਖ


ਭਾਰਤ ਦੇ ਰਾਜ ਅਤੇ ਰਾਜਧਾਨੀਆਂ
– ਸੁਰੇਸ਼ ਕੁਮਾਰ 09
ਬਾਰਾਂ ਸਿੰਗਾ
– ਦੀਪਾਂਸ਼ੂ ਜੈਨ 14
ਇਸਬਗੋਲ
– ਕੇ.ਜੇ. ਐਡਵੋਕੇਟ 32
ਬੱਚਿਆਂ ਦੀ ਦੇਖਭਾਲ
– ਤੇਜਿੰਦਰ ਸਿੰਘ 36
ਅਨੋਖਾ ਜੰਤੂ- ਜੈਕਾਨਾ
– ਜੈਇੰਦਰ 43

ਸਭ ਤੋਂ ਪਹਿਲਾਂ

# ਮਾਤਾ-ਪਿਤਾ ਦਾ ਸਨਮਾਨ



ਗਰਿਮਾ ਅਤੇ ਮਿਤਾਲੀ ਆਪਸ ਵਿਚ ਗਲਾਂ ਕਰ ਰਹੀਆਂ ਸਨ। ਗਰਿਮਾ ਮਿਤਾਲੀ ਨੂੰ ਗਰਮੀ ਦੀਆਂ ਛੁੱਟੀਆਂ ਵਿਚ ਹੋਈ ਅਪਣੀ ਸੈਰ ਦਾ ਬਾਖੂਬੀ ਜ਼ਿਕਰ ਕਰ ਰਹੀ ਸੀ। ਮਿਤਾਲੀ ਉਸ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣ ਰਹੀ ਸੀ। ਗਰਿਮਾ ਨੇ ਕਿਹਾ- ਮੈਂ ਤਾਂ ਪਹਿਲਾਂ ਹੀ ਅਪਣੇ ਮੰਮੀ-ਡੈਡੀ ਨੂੰ ਕਹਿ ਦਿੱਤਾ ਸੀ ਕਿ ਇਸ ਵਾਰ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਇਕ ਦਿਨ ਵੀ ਘਰ ਨਹੀਂ ਰਹਿਣਾ। ਉਨ੍ਹਾਂ ਮੈਨੂੰ ਕਿਹਾ ਸੀ ਕਿ ਸਿਰਫ 15 ਦਿਨ ਲਈ ਹੀ ਸੈਰ ਸਪਾਟੇ ਲਈ ਜਾਣਾ ਹੈ ਪਰ ਮੈਂ ਕਿਥੇ ਮੰਨਣ ਵਾਲੀ ਸੀ। ਉਨ੍ਹਾਂ ਨੂੰ 15 ਦਿਨ ਦੀ ਹਾਂ ਕਰਕੇ ਮੈਂ ਤਾਂ ਸਹੇਲੀਆਂ ਨਾਲ ਚਲ ਪਈ ਪਰ ਉਥੇ ਜਾ ਕੇ ਮੈਂ ਅਪਣਾ ਪ੍ਰੋਗਰਾਮ ਹੋਰ ਅੱਗੇ ਵਧਾ ਲਿਆ। ਸਾਰੀਆਂ ਸਹੇਲੀਆਂ ਤਾਂ ਵਾਪਿਸ ਚਲੀਆਂ ਗਈਆਂ ਪਰ ਮੈਂ ਹੋਰ ਘੁੰਮਣ ਦੇ ਚੱਕਰ ਵਿਚ ਵਾਪਿਸ ਨਹੀਂ ਆਈ। ਐਨੀ ਗੱਲ ਕਹਿੰਦਿਆਂ-ਕਹਿੰਦਿਆਂ ਉਹ ਕੁਝ ਉਦਾਸ ਹੋ ਗਈ। ਮਿਤਾਲੀ ਨੇ ਕਿਹਾ- ਗਰਿਮਾ, ਇਹ ਤਾਂ ਖੁਸ਼ੀ ਦੀ ਗੱਲ ਹੈ, ਤੂੰ ਹੋਰ ਸੈਰ-ਸਪਾਟਾ ਕੀਤਾ; ਫਿਰ ਉਦਾਸ ਕਿਉਂ ਹੋ ਰਹੀ ਹੈਂ?

ਮਿਤਾਲੀ ਨੇ ਠੰਡੀ ਸਾਹ ਭਰਦੇ ਹੋਏ ਕਿਹਾ- ਹੋਰ ਸੈਰ ਸਪਾਟੇ ਦੇ ਚੱਕਰ ਵਿਚ ਮੈਂ ਆਪਣੇ ਮੰਮੀ ਡੈਡੀ ਨੂੰ ਦਸਣਾ ਹੀ ਭੁੱਲ ਗਈ ਕਿ ਮੈਂ ਅਜੇ ਵਾਪਿਸ ਨਹੀਂ ਆਉਣਾ। ਬਾਕੀ ਸਹੇਲੀਆਂ ਦੇ ਵਾਪਿਸ ਪਹੁੰਚ ਜਾਣ ਕਾਰਣ ਮੇਰੇ ਮੰਮੀ ਡੈਡੀ ਨੂੰ ਮੇਰੇ ਨਾ ਪਹੁੰਚਣ ਦੀ ਫਿਕਰ ਹੋਣ ਲੱਗੀ। ਮੈਂ ਤਾਂ ਮਸਤੀ ਵਿਚ ਘੁੰਮ ਰਹੀ ਸੀ ਪਰ ਉਧਰ ਜਿਸ ਹੋਟਲ ਵਿਚ ਮੈਂ ਠਹਿਰੀ ਸੀ; ਉਥੇ ਨਾਲ ਦੇ ਕਮਰੇ ਵਿਚ ਠਹਿਰੀ ਇਕ ਲੜਕੀ ਨੇ ਮੇਰਾ ਸਾਰਾ ਸਾਮਾਨ ਚੋਰੀ ਕਰ ਲਿਆ, ਜਿਸ ਵਿਚ ਮੇਰਾ ਮੋਬਾਇਲ ਵੀ ਸੀ। ਜਦ ਮੈਂ ਹੋਟਲ ਪਹੁੰਚੀ ਤਾਂ ਸਾਮਾਨ ਚੋਰੀ ਹੋਣ ਦਾ ਪਤਾ ਲੱਗਾ। ਮੈਂ ਹੁਣ ਬਹੁਤ ਪਰੇਸ਼ਾਨ ਸੀ। ਸੈਰ-ਸਪਾਟੇ ਦੀ ਸਾਰੀ ਮਸਤੀ ਕਾਫੂਰ ਹੋ ਚੁੱਕੀ ਸੀ।

ਮਿਤਾਲੀ ਉਸ ਦੀਆਂ ਗੱਲਾਂ ਗੰਭੀਰਤਾ ਨਾਲ ਸੁਣ ਰਹੀ ਸੀ। ਗਰਿਮਾ ਨੇ ਕਿਹਾ- ਮੋਬਾਇਲ ਤੋਂ ਬਿਨਾ ਹੁਣ ਮੈਂ ਮਾਤਾ-ਪਿਤਾ ਨਾਲ ਗੱਲ ਵੀ ਨਹੀਂ ਕਰ ਸਕਦੀ ਸੀ। ਉਹ ਵੀ ਮੇਰਾ ਫੋਨ ਨਾ ਮਿਲਣ ਕਾਰਣ ਪਰੇਸ਼ਾਨ ਸਨ। ਮੇਰੀਆਂ ਸਹੇਲੀਆਂ ਤੋਂ ਮੇਰੇ ਬਾਰੇ ਪਤਾ ਕਰਕੇ ਮੇਰੇ ਮਾਤਾ-ਪਿਤਾ ਮੈਨੂੰ ਲੱਭਦੇ ਹੋਏ ਬੜੀ ਮੁਸ਼ਕਿਲ ਨਾਲ ਮੇਰੇ ਤਕ ਪਹੁੰਚੇ ਅਤੇ ਹੋਟਲ ਦਾ ਕਿਰਾਇਆ ਆਦਿ ਦੇ ਕੇ ਮੈਨੂੰ ਵਾਪਿਸ ਲੈ ਕੇ ਆਏ। ਇਸ ਤਰ੍ਹਾਂ ਮੇਰੀ ਮਨਮਰਜੀ ਕਰਨ ਕਾਰਣ ਮੈਨੂੰ ਅਤੇ ਮੇਰੇ ਮਾਤਾ-ਪਿਤਾ ਨੂੰ ਕਿੰਨੀ ਪਰੇਸ਼ਾਨੀ ਉਠਾਣੀ ਪਈ; ਇਹ ਸੋਚ ਕੇ ਮੈਂ ਉਦਾਸ ਹੋ ਗਈ ਹਾਂ।

ਗਰਿਮਾ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ- ਮਾਤਾ-ਪਿਤਾ ਦਾ ਕਹਿਣਾ ਨਾ ਮੰਨਣ ਅਤੇ ਮਨਮਰਜੀ ਕਰਨ ਕਾਰਣ ਹਮੇਸ਼ਾ ਪਰੇਸ਼ਾਨੀਆਂ ਹੀ ਹੁੰਦੀਆਂ ਹਨ।

ਪਿਆਰੇ ਬੱਚਿਓ ! ਮਾਤਾ-ਪਿਤਾ ਦਾ ਸਨਮਾਨ ਕਰੋ, ਉਹ ਜੋ ਕਹਿੰਦੇ ਹਨ, ਸਾਡੇ ਭਲੇ ਲਈ ਹੀ ਕਹਿੰਦੇ ਹਨ, ਇਸ ਲਈ ਉਨ੍ਹਾਂ ਦੀ ਗੱਲ ਨੂੰ ਹਮੇਸ਼ਾ ਮੰਨਣਾ ਚਾਹੀਦਾ ਹੈ।

ਸੁਲੇਖ 'ਸਾਥੀ'
ssathi_2007@yahoo.com

ਬਾਲ ਗੀਤ - ਭੀਮ ਨਿਰੰਕਾਰੀ

# ਆਓ ਪੜ੍ਹਨ ਲਈ ਚੱਲੀਏ

ਆਓ ਪੜਨ ਲਈ ਚੱਲੀਏ ਗਗਨਜੋਤ।
ਸਕੂਲ ਜਾਣ ਲਈ ਨਾ ਲਾਈਏ ਰੋਕ-ਟੋਕ।


ਪੜ ਕੇ ਜ਼ਿੰਦਗੀ ਨੇ ਸੁਖਮਈ ਹੋ ਜਾਣਾ,
ਪੜਨ ਤੋਂ ਨਾ ਕਦੇ ਮਨ ਨੂੰ ਹਟਾਣਾ,
ਅਨਪੜ ਦੀ ਜ਼ਿੰਦਗੀ ਨਾ ਕਦੇ ਹੁੰਦੀ ਲੋਟ,
ਆਓ ਪੜਨ ਲਈ ਚੱਲੀਏ ਗਗਨਜੋਤ।

ਸਕੂਲ ਜਾਣ ਤੇ ਨਾ ਕਦੇ ਰੋਣਾ,
ਵੱਡੇ ਹੋ ਕੇ ਪੈਂਦਾ ਪਛਤਾਉਣਾ,
ਨਿਆਣੀ ਮੱਤ ਚ ਹੁੰਦਾ ਇਹ ਖੋਟ,
ਆਓ ਪੜਨ ਲਈ ਚਲੀਏ ਗਗਨਜੋਤ।




ਚਿੱਤ ਲਾ ਕੇ ਬੱਚੇ ਜਿਹੜੇ ਪੜਦੇ,
ਉਹਨਾਂ ਨੂੰ ਹੀ ਲੋਕ ਸਲਾਮਾਂ ਕਰਦੇ,
ਅਨਪੜ ਹੀ ਜ਼ਿੰਦਗੀ ਚ ਖਾਵੇ ਸਦਾ ਚੋਟ,
ਆਓ ਪੜਨ ਲਈ ਚੱਲੀਏ ਗਗਨਜੋਤ।

ਪੜਾਈ ਹੀ ਜ਼ਿੰਦਗੀ ਨੂੰ ਚਮਕਾਵੇ,
ਨਾ ਵੱਡੇ ਹੋਏ ਨੂੰ ਕੋਈ ਔਕੜ ਆਵੇ,
ਭੀਮ ਪੜਾਈ ਦੀ ਸਭ ਤੋਂ ਵੱਡੀ ਸਪੋਟ,
ਆਓ ਪੜਨ ਲਈ ਚੱਲੀਏ ਗਗਨਜੋਤ।





ਬਾਲ ਕਹਾਣੀ : ਮਨੋਹਰ ਲਾਲ

# ਬਣਾਇਆ ਪਾਲਤੂ

ਬਹੁਤ ਪੁਰਾਣੀ ਗੱਲ ਹੈ। ਗਰੁੜ ਨੇ ਸ਼ੇਰ ਨੂੰ ਕਿਹਾ – ਸ਼ੇਰ ਮਹਾਰਾਜ! ਗਜਬ ਹੋ ਗਿਆ। ਮੈਂ ਅਜਿਹਾ ਪ੍ਰਾਣੀ ਪਹਿਲਾਂ ਨਹੀਂ ਵੇਖਿਆ।ਉਹ ਬਾਂਦਰ ਵਰਗਾ ਹੈ ਪਰ ਬਾਂਦਰ ਨਹੀਂ। ਉਹ ਚਾਰ ਪੈਰਾਂ ਵਾਲਾ ਹੈ ਪਰ ਦੋ ਪੈਰਾਂ ਤੇ ਖੜਾ ਹੋ ਜਾਂਦਾ ਹੈ। ਕੁੱਤਾ ਉਸ ਦੇ ਸਾਹਮਣੇ ਪੂਛ ਹਿਲਾਉਂਦਾ ਹੈ। ਗਾਂ ਉਸ ਦੇ ਕਿੱਲੇ ਬੰਨ੍ਹੀ ਹੈ। ਬਿੱਲੀ ਉਸ ਦੇ ਦਰਵਾਜੇ ਤੇ ਬੈਠੀ ਰਹਿੰਦੀ ਹੈ। ਉਸ ਦੇ ਕੋਲ ਅਜ਼ੀਬ ਜਿਹੇ ਹਥਿਆਰ ਹਨ। ਉਹ ਰੁੱਖ ਕੱਟ ਰਿਹਾ ਹੈ। ਧਰਤੀ ਨੂੰ ਸਮਤਲ ਬਣਾ ਰਿਹਾ ਹੈ। ਅੱਗ ਨੂੰ ਵੀ ਉਸ ਨੇ ਬੰਧਕ ਬਣਾ ਲਿਆ ਹੈ। ਉਹ ਪ੍ਰਾਣੀ ਆਪਣੀ ਇੱਛਾ ਦੇ ਅਨੁਸਾਰ ਅੱਗ ਨੂੰ ਜਗਾਉਂਦਾ ਹੈ ਅਤੇ ਬੁਝਾਉਂਦਾ ਹੈ।

ਇਹ ਸੁਣ ਕੇ ਸ਼ੇਰ ਉਛਲ ਪਿਆ। ਕਹਿਣ ਲੱਗਾ – ਐਮਰਜੈਂਸੀ ਬੈਠਕ ਬੁਲਾਉ ਹੁਣੇ ਇਸੇ ਵਕਤ।

ਮਾਨਵ ਜੰਗਲ ਵਿੱਚ ਬਸਤੀਆਂ ਬਣਾਉਣ ਲੱਗਾ ਸੀ। ਉਸ ਨੇ ਖੇਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਮਾਨਵ ਦੇ ਆਉਣ ਦੀ ਸੂਚਨਾ ਜੰਗਲ ਵਿੱਚ ਅੱਗ ਦੀ ਤਰ੍ਹਾਂ ਫੈਲ ਗਈ। ਗਰੁੜ ਦੇ ਬਾਦ ਚੀਲ, ਗਿੱਦ, ਬਾਜ, ਚਮਗਾਦੜ ਅਤੇ ਕਾਂ ਵੀ ਮਾਨਵ ਦਾ ਹੁਲੀਆ ਸਭ ਨੂੰ ਦੱਸ ਰਹੇ ਸਨ। ਸਾਰਿਆਂ ਦੇ ਚਿਹਰੇ ਦੀਆਂ ਹਵਾਈਆਂ ਉਡ ਰਹੀਆਂ ਸਨ।

ਹਾਥੀ ਬੋਲਿਆ – ਹੁਣ ਉਹ ਦਿਨ ਦੂਰ ਨਹੀਂ ਜਦ ਇਹ ਮਾਨਵ ਜੰਗਲ ਤੇ ਆਪਣਾ ਕਬਜ਼ਾ ਕਰ ਲਏਗਾ।



ਹੁਣ ਕੀ ਹੋਏਗਾ? ਅਸੀਂ ਕਿਥੇ ਰਹਾਂਗੇ? ਕਿਥੇ ਜਾਵਾਂਗੇ?

ਤਿਤਲੀ ਵਿਚੋਂ ਹੀ ਬੋਲ ਪਈ- ਸਾਡਾ ਕੀ ਹੋਏਗਾ? ਉਹ ਫੁੱਲਾਂ ਨੂੰ ਵੀ ਨਸ਼ਟ ਕਰੇਗਾ।

ਸੱਪ ਬੋਲਿਆ - ਹਾਥੀ ਦਾਦਾ, ਤੂੰ ਚਾਰਾਂ ਪੈਰਾਂ ਵਾਲਾ ਹੈ। ਉਡੱਣ ਵਾਲਿਆਂ ਦਾ ਵੀ ਕੁਝ ਨਹੀਂ ਵਿਗੜੇਗਾ। ਪਰ ਸਾਡਾ ਕੀ ਹੋਏਗਾ? ਸਾਡੀ ਸੋਚੋ। ਅਸੀਂ ਕਿਥੇ ਰਹਾਂਗੇ?

ਸ਼ੇਰ ਦਹਾੜਿਆ। - ਤੁਸੀਂ ਖਾਮੋਸ਼ ਰਹੋ। ਜੰਗਲ ਕਟੇਗਾ ਤਾਂ ਅਸੀਂ ਸਾਰੇ ਬਰਬਾਦ ਹੋ ਜਾਵਾਂਗੇ। ਉਸ ਮਾਨਵ ਦੇ ਇਰਾਦੇ ਨੇਕ ਨਹੀਂ ਲੱਗ ਰਹੇ ਹਨ। ਸਾਨੂੰ ਸਾਰਿਆਂ ਨੂੰ ਮਿਲ ਕੇ ਕੁਝ ਸੋਚਣਾ ਚਾਹੀਦਾ ਹੈ। ਤੁਸੀਂ ਸਾਰੇ ਨਹੀਂ ਰਹੋਗੇ, ਤਾਂ ਮੈਨੂੰ ਕੌਣ ਪੁੱਛੇਗਾ। ਮੈਂ ਉਸ ਮਾਨਵ ਨੂੰ ਜੰਗਲ ਵਿੱਚ ਵੜਨ ਹੀ ਨਹੀਂ ਦੇਵਾਂਗਾ।

ਸੱਪ ਨੇ ਫੁੰਕਾਰਦੇ ਹੋਏ ਕਿਹਾ - ਜੋ ਡਰ ਗਿਆ ਸੋ ਮਰ ਗਿਆ। ਸਾਨੂੰ ਸਾਰਿਆਂ ਨੂੰ ਇਕਜੁਟ ਹੋਣਾ ਪਏਗਾ। ਵਾਰੀ-ਵਾਰੀ ਨਾਲ ਜੰਗਲ ਵਿੱਚ ਪਹਿਰਾ ਦੇਣਾ ਪਏਗਾ। ਸਾਨੂੰ ਮਿਲ ਕੇ ਮਾਨਵ ਤੇ ਹਮਲਾ ਬੋਲਣਾ ਪਏਗਾ। ਅਸੀਂ ਹਜ਼ਾਰਾਂ ਹਾਂ। ਉਹ ਇਕੱਲਾ ਹੈ। ਫਿਰ ਅਸੀਂ ਉਸ ਤੋਂ ਕਿਉਂ ਡਰੀਏ।

ਸਾਰੇ ਜੋਸ਼ ਵਿੱਚ ਆ ਗਏ। ਸੱਪ ਦੀ ਗੱਲ ਵਿੱਚ ਦਮ ਸੀ। ਘੋੜੇ ਨੇ ਕਿਹਾ- ਰਾਤ ਦੀ ਪਹਿਰੇਦਾਰੀ ਮੈਂ ਕਰਾਂਗਾ। ਮੇਰੀ ਬਨਾਵਟ ਹੀ ਅਜਿਹੀ ਹੈ ਕਿ ਮੈਂ ਲੰਮੇ ਸਮੇਂ ਤਕ ਬੈਠ ਨਹੀਂ ਸਕਦਾ। ਮੈਂ ਥੋੜੀ ਦੇਰ ਲਈ ਵੀ ਲੇਟ ਨਹੀਂ ਸਕਦਾ। ਬੈਠਣ ਤੇ ਮੇਰਾ ਸਾਰਾ ਵਜਨ ਗਰਦਨ ਅਤੇ ਪੇਟ ਦੇ ਵਿੱਚ ਆ ਜਾਂਦਾ ਹੈ। ਫਿਰ ਮੈਨੂੰ ਸਾਹ ਲੈਣ ਵਿੱਚ ਪ੍ਰੇਸ਼ਾਨੀ ਹੁੰਦੀ ਹੈ। ਇਹੀ ਕਾਰਣ ਹੈ ਕਿ ਮੈਨੂੰ ਨੀਂਦ ਘੱਟ ਆਉਂਦੀ ਹੈ। ਨੀਂਦ ਵੀ ਮੈਂ ਖੜੇ-ਖੜੇ ਹੀ ਪੂਰੀ ਕਰ ਲੈਂਦਾ ਹਾਂ। ਕੁਦਰਤ ਨੇ ਮੈਨੂੰ ਅਜਿਹਾ ਬਣਾਇਆ ਹੈ ਕਿ ਮੈਂ ਚੌਵੀ ਘੰਟੇ ਖੜਾ ਰਹਿ ਸਕਦਾ ਹਾਂ। ਮੈਂ ਕਦੇ ਥੱਕ ਕੇ ਨਹੀਂ ਡਿਗਦਾ। - ਸਾਰਿਆਂ ਨੇ ਘੋੜੇ ਲਈ ਤਾੜੀਆਂ ਵਜਾਈਆਂ।

ਸ਼ੇਰ ਬੋਲਿਆ - ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਚੌਕਸ ਰਹੀਏ। ਯਾਦ ਰੱਖੋ। ਸੁਣਿਆ ਹੈ ਮਾਨਵ ਬਹੁਤ ਚਲਾਕ ਹੈ। ਉਸ ਦੀਆਂ ਗੱਲਾਂ ਵਿੱਚ ਨਾ ਆਉਣਾ। ਬੈਠਕ ਸਮਾਪਤ ਹੋ ਗਈ ਅਤੇ ਸਾਰੇ ਚੇਤੰਨ ਹੋ ਗਏ। ਘੋੜਾ ਜ਼ਿੰਮੇਦਾਰੀ ਨਾਲ ਨਿਗਰਾਨੀ ਕਰ ਰਿਹਾ ਸੀ। ਹਲਕੀ ਜਿਹੀ ਆਹਟ ਤੇ ਉਹ ਚੇਤੰਨ ਹੋ ਜਾਂਦਾ। ਕਈ ਦਿਨ ਗੁਜਰ ਗਏ। ਚੀਲ, ਬਾਜ਼ ਅਤੇ ਗਰੁੜ ਮਾਨਵ ਦੇ ਬਾਰੇ ਵਿੱਚ ਦਿਲਚਸਪ ਸੂਚਨਾਵਾਂ ਦੇਂਦੇ ਰਹਿੰਦੇ। ਹਰ ਕੋਈ ਮਾਨਵ ਤੋਂ ਡਰਿਆ ਹੋਇਆ ਸੀ। ਘੋੜਾ ਮਨ ਹੀ ਮਨ ਸੋਚਦਾ- ਮਾਨਵ ਨਾਲ ਪਹਿਲੀ ਮੁਲਾਕਾਤ ਮੇਰੀ ਹੀ ਹੋਵੇਗੀ। ਮੈਂ ਹੀ ਸਭ ਤੋਂ ਪਹਿਲਾਂ ਉਸ ਨਾਲ ਗੱਲ ਕਰਾਂਗਾ। ਘੋੜਾ ਮਾਨਵ ਦੇ ਬਾਰੇ ਵਿੱਚ ਹੀ ਸੋਚਦਾ ਰਹਿੰਦਾ। ਇਕ ਰਾਤ ਮਾਨਵ ਆ ਹੀ ਗਿਆ। ਘੋੜਾ ਮਾਨਵ ਨੂੰ ਇਕਟਕ ਵੇਖਦਾ ਰਿਹਾ। ਫਿਰ ਬੋਲਿਆ- ਤਾਂ ਤੂੰ ਹੈ ਮਾਨਵ। ਇਥੇ ਕਿਉਂ ਆਇਆ ਹੈ ?

ਮਾਨਵ ਬੋਲਿਆ- ਤੈਨੂੰ ਲੈਣ।

ਘੋੜਾ ਆਪਣਾ ਡਰ ਲੁਕਾਉਂਦੇ ਹੋਏ ਬੋਲਿਆ - ਮੈਨੂੰ ਲੈਣ। ਕਿਉਂ? ਮੈਂ ਤੇਰਾ ਕੀ ਵਿਗਾੜਿਆ ਹੈ?





ਮਾਨਵ ਨੇ ਕਿਹਾ – ਮੈਨੂੰ ਚੰਗੇ ਦੋਸਤ ਦੀ ਭਾਲ ਹੈ, ਵਫਾਦਾਰ ਸਾਥੀ ਦੀ। ਉਹ ਸਾਰੇ ਗੁਣ ਸਿਰਫ ਤੇਰੇ ਕੋਲ ਹਨ।

ਘੋੜੇ ਨੇ ਆਪਣਾ ਡਰ ਲੁਕਾਉਂਦੇ ਹੋਏ ਪੁੱਛਿਆ – ਪਰ ਅਸੀਂ ਤਾਂ ਸੁਣਿਆ ਹੈ ਕਿ ਤੂੰ ਗਾਂ, ਕੁੱਤਾ ਅਤੇ ਬਿੱਲੀ ਨੂੰ ਬੰਧਕ ਬਣਾਇਆ ਹੋਇਆ ਹੈ?

ਮਾਨਵ ਨੇ ਮੁਸਕਰਾਉਂਦੇ ਹੋਏ ਕਿਹਾ – ਨਹੀਂ ਤਾਂ! ਉਹ ਤਾਂ ਆਪਣੀ ਮਰਜੀ ਨਾਲ ਮੇਰੇ ਨਾਲ ਰਹਿ ਰਹੇ ਹਨ। ਉਹ ਮੇਰੇ ਨਾਲ ਸੁਰੱਖਿਅਤ ਹਨ। ਮੈਂ ਉਹਨਾਂ ਨੂੰ ਭੋਜਨ ਦਿੰਦਾ ਹਾਂ। ਉਹ ਮੇਰੇ ਨਾਲ ਖੁਸ਼ ਹਨ। ਤੂੰ ਕਦੇ ਛੋਲੇ ਚਬਾਏ ਹਨ? ਤੇਰੀ ਕਦੇ ਕਿਸੇ ਨੇ ਮਾਲਿਸ਼ ਕੀਤੀ ਹੈ? ਤੂੰ ਤਾਕਤ ਵਧਾਉਣ ਵਾਲਾ ਸੂਪ ਪੀਤਾ ਹੈ? ਤੂੰ ਮਿੱਠਾ ਅਤੇ ਨਮਕੀਨ ਭੋਜਨ ਖਾਧਾ ਹੈ? ਨਹੀਂ ਨਾ! ਤੂੰ ਸਿਰਫ ਹਰੀ ਘਾਹ ਖਾਣੀ ਜਾਣਦਾ ਹੈ। ਤੂੰ ਚੁਪਚਾਪ ਮੇਰੇ ਨਾਲ ਮੇਰੇ ਡੇਰੇ ਵਿੱਚ ਚਲ। ਇਹਨਾਂ ਸਾਰੀਆਂ ਚੀਜ਼ਾਂ ਨੂੰ ਚੱਖ ਲੈ। ਪਸੰਦ ਆਏ ਤਾਂ ਮੇਰੇ ਨਾਲ ਰਹਿਣਾ। ਨਹੀਂ ਤਾਂ ਸਵੇਰ ਹੋਣ ਤੋਂ ਪਹਿਲਾਂ ਵਾਪਸ ਆ ਜਾਣਾ। ਕਿਸੇ ਨੂੰ ਕੰਨੋ-ਕੰਨ ਖਬਰ ਵੀ ਨਹੀਂ ਹੋਵੇਗੀ।

ਮਾਨਵ ਨੇ ਚਿਕਨੀਆਂ-ਚੋਪੜੀਆਂ ਗੱਲਾਂ ਕੀਤੀਆਂ। ਘੋੜਾ ਉਸ ਦੀਆਂ ਗੱਲਾਂ ਵਿੱਚ ਆ ਗਿਆ। ਮਾਨਵ ਬੋਲਿਆ – ਇੰਝ ਤਾਂ ਦੇਰ ਲੱਗੇਗੀ ਮੈਂ ਤੇਰੀ ਪਿੱਠ ਤੇ ਬੈਠ ਜਾਂਦਾ ਹਾਂ। ਤੂੰ ਤੇਜ਼ ਦੌੜ ਲਗਾ। ਘੋੜਾ ਮੰਨ ਗਿਆ। ਬਸ ਫਿਰ ਕੀ ਸੀ। ਘੋੜੇ ਨੂੰ ਸਹਿਲਾਉਂਦੇ ਹੋਏ ਮਾਨਵ ਆਪਣੇ ਡੇਰੇ ਤੇ ਲੈ ਗਿਆ। ਮਾਨਵ ਨੇ ਘੋੜੇ ਦੀ ਮਾਲਿਸ਼ ਕੀਤੀ। ਘੋੜਾ ਮਾਨਵ ਦੇ ਸਾਹਮਣੇ ਨਤਮਸਤਕ ਹੋ ਗਿਆ। ਉਹਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਮਾਨਵ ਨੇ ਉਸ ਦੀ ਪਿੱਠ ਤੇ ਕਾਠੀ ਪਹਿਨਾ ਦਿੱਤੀ। ਗੱਲਾਂ ਹੀ ਗੱਲਾਂ ਵਿਚ ਉਹਨੂੰ ਬੰਨ੍ਹ ਲਿਆ। ਪੇਟ ਭਰ ਕੇ ਛੋਲੇ ਖੁਆਏ। ਘੋੜਾ ਮਾਨਵ ਦਾ ਗੁਲਾਮ ਹੋ ਗਿਆ। ਤਦ ਤੋਂ ਜੰਗਲ ਦੇ ਜੀਵ-ਜੰਤੂ ਮਾਨਵ ਨੂੰ ਵੇਖ ਕੇ ਡਰਦੇ ਹਨ। ਜੋ ਮਾਨਵ ਦੀਆਂ ਗੱਲਾਂ ਵਿੱਚ ਆ ਗਏ, ਮਾਨਵ ਨੇ ਉਹਨਾਂ ਨੂੰ ਪਾਲਤੂ ਬਣਾ ਲਿਆ। ■

● ਸੁਰੇਸ਼ ਕੁਮਾਰ

# ਭਾਰਤ ਦੇ 28 ਰਾਜ ਅਤੇ ਉਹਨਾਂ ਦੀਆਂ ਰਾਜਧਾਨੀਆਂ

| | ਰਾਜ | ਰਾਜਧਾਨੀ |
|---|---|---|
| 1 – | ਆਂਧਰਾ ਪ੍ਰਦੇਸ਼ | ਹੈਦਰਾਬਾਦ |
| 2 – | ਅਰੁਣਾਚਲ ਪ੍ਰਦੇਸ਼ | ਈਟਾਨਗਰ |
| 3 – | ਆਸਾਮ | ਦਿਸਪੁਰ |
| 4 – | ਬਿਹਾਰ | ਪਟਨਾ |
| 5 – | ਛਤੀਸਗੜ | ਰਾਇਪੁਰ |
| 6 – | ਗੋਵਾ | ਪਣਜੀ |
| 7 – | ਗੁਜਰਾਤ | ਗਾਂਧੀ ਨਗਰ |
| 8 – | ਹਰਿਆਣਾ | ਚੰਡੀਗੜ |
| 9 – | ਹਿਮਾਚਲ ਪ੍ਰਦੇਸ਼ | ਸ਼ਿਮਲਾ |
| 10 – | ਜੰਮੂ ਅਤੇ ਕਸ਼ਮੀਰ | ਸ੍ਰੀਨਗਰ-ਜੰਮੂ |
| 11 – | ਝਾਰਖੰਡ | ਰਾਂਚੀ |
| 12 – | ਕਰਨਾਟਕ | ਬੰਗਲੌਰ |
| 13 – | ਕੇਰਲ | ਤੀਰੁਵੰਤਪੁਰਮ |
| 14 – | ਮੱਧ ਪ੍ਰਦੇਸ਼ | ਭੋਪਾਲ |
| 15 – | ਮਹਾਂਰਾਸ਼ਟਰ | ਮੁੰਬਈ |
| 16 – | ਮਣੀਪੁਰ | ਇੰਫਾਲ |
| 17 – | ਮੇਘਾਲਿਆ | ਸ਼ਿਲਾਂਗ |
| 18 – | ਮਿਜ਼ੋਰਮ | ਆਈਜ਼ੋਲ |
| 19 – | ਨਾਗਾਲੈਂਡ | ਕੋਹਿਮਾ |
| 20 – | ਉੜੀਸਾ | ਭੁਵਨੇਸ਼ਵਰ |
| 21 – | ਪੰਜਾਬ | ਚੰਡੀਗੜ |
| 22 – | ਰਾਜਸਥਾਨ | ਜੈਪੁਰ |
| 23 – | ਸਿਕਿਮ | ਗੰਗਟੋਕ |
| 24 – | ਤਮਿਲਨਾਡੂ | ਚੇਨਈ |
| 25 – | ਤ੍ਰਿਪੁਰਾ | ਅਗਰਤਲਾ |
| 26 – | ਉਤਰ ਪ੍ਰਦੇਸ਼ | ਲਖਨਊ |
| 27 – | ਉਤਰਾਖੰਡ | ਦੇਹਰਾਦੂਨ |
| 28 – | ਪੱਛਮੀ ਬੰਗਾਲ | ਕਲਕੱਤਾ |

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਨਦੀ ਦੀ ਬਜਾਇ ਸਮੁੰਦਰ ਦੇ ਪਾਣੀ ਵਿੱਚ ਤਰਨਾ ਆਸਾਨ ਕਿਉਂ ਹੁੰਦਾ ਹੈ?

**ਉੱਤਰ :** ਕਿਸੇ ਵਸਤੂ ਦੇ ਇਕਾਂਕ (ਨੰਬਰ ਇਕ) ਦੀ ਅਨੁਕੂਲਤਾ ਨੂੰ ਉਸ ਵਸਤੂ ਦਾ ਘਣਤਵ ਕਹਿੰਦੇ ਹਨ। ਨਦੀ ਦੀ ਬਜਾਇ ਸਮੁੰਦਰ ਦੇ ਪਾਣੀ ਦਾ ਘਣਤਵ ਜ਼ਿਆਦਾ ਹੁੰਦਾ ਹੈ। ਜਦ ਤੁਸੀਂ ਸਮੁੰਦਰ ਦੇ ਪਾਣੀ ਵਿਚ ਤੈਰ ਰਹੇ ਹੁੰਦੇ ਹੋ ਤਾਂ ਤੁਹਾਡੇ ਦੁਆਰਾ ਹਟਾਏ ਗਏ ਪਾਣੀ ਦਾ ਵੀ ਭਾਰ ਨਦੀ ਵਿੱਚ ਤੈਰਨ ਤੇ ਹਟਾਏ ਗਏ ਪਾਣੀ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਸਮੁੰਦਰ ਦੇ ਪਾਣੀ ਵਿੱਚ ਤੁਹਾਡੇ ਭਾਰ ਵਿੱਚ ਨਦੀ ਦੀ ਬਜਾਏ ਜ਼ਿਆਦਾ ਕਮੀ ਆ ਜਾਂਦੀ ਹੈ। ਦੂਸਰੇ ਪਾਸੇ, ਜ਼ਿਆਦਾ ਘਣਤਵ ਦੇ ਕਾਰਣ ਸਮੁੰਦਰ ਦੇ ਪਾਣੀ ਵਿੱਚ ਵਸਤੂ ਨੂੰ ਡੁਬੋਣ ਤੇ ਪਾਣੀ ਦੁਆਰਾ ਉਸ ਦੇ ਉਪਰ ਵੱਲ ਲਗਾਇਆ ਗਿਆ ਬਲ ਵੀ ਜ਼ਿਆਦਾ ਲੱਗਦਾ ਹੈ ਜਿਸ ਨਾਲ ਤੁਸੀਂ ਆਸਾਨੀ ਨਾਲ ਤੈਰ ਸਕਦੇ ਹੋ।

**ਪ੍ਰਸ਼ਨ :** ਨਮਕੀਨ ਪਾਣੀ ਵਿੱਚ ਆਂਡਾ ਕਿਉਂ ਤਰਦਾ ਹੈ?

**ਉੱਤਰ :** ਆਮ ਤੌਰ ਤੇ ਪਾਣੀ ਦਾ ਘਣਤਵ ਘੱਟ ਹੁੰਦਾ ਹੈ ਪ੍ਰੰਤੂ ਨਮਕ ਮਿਲਾਉਂਦੇ ਹੀ ਪਾਣੀ ਦਾ ਘਣਤਵ ਵੀ ਵਧਣ ਲੱਗਦਾ ਹੈ। ਜਦ ਘਣਤਵ ਵਿਚ ਵਾਧਾ ਹੋ ਜਾਂਦਾ ਹੈ ਤਾਂ ਸੁਭਾਵਿਕ ਹੈ ਕਿ ਉਤਪਲਾਵਨ-ਬਲ ਵਿੱਚ ਵੀ ਵਾਧਾ ਹੋਵੇ। ਬਸ, ਇਸੇ ਕਾਰਣ ਨਾਲ ਸਾਧਾਰਣ ਜਲ ਦੀ ਬਜਾਏ ਨਮਕੀਨ ਪਾਣੀ ਵਿੱਚ ਆਂਡਾ ਸਰਲਤਾ ਨਾਲ ਤੈਰਦਾ ਰਹਿੰਦਾ ਹੈ।

**ਪ੍ਰਸ਼ਨ :** ਲੋਹੇ ਦਾ ਬਣਿਆ ਹੋਇਆ ਜਹਾਜ ਪਾਣੀ ਵਿੱਚ ਤਰਦਾ ਹੈ ਪ੍ਰੰਤੂ ਲੋਹੇ ਦੀ ਸੂਈ ਪਾਣੀ ਵਿੱਚ ਕਿਉਂ ਡੁੱਬ ਜਾਂਦੀ ਹੈ?

**ਉੱਤਰ :** ਕਿਸੇ ਵੀ ਵਸਤੂ ਦੇ ਪਾਣੀ ਵਿੱਚ ਤਰਨ ਲਈ ਇਹ ਜ਼ਰੂਰੀ ਹੈ ਕਿ ਉਸਦੇ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਉਸ ਤੋਂ ਜ਼ਿਆਦਾ ਹੋਵੇ। ਲੋਹੇ ਦਾ ਬਣਿਆ ਹੋਇਆ ਜਹਾਜ਼ ਜਦ ਪਾਣੀ ਵਿਚ ਚਲਦਾ ਹੈ ਤਾਂ ਉਸ ਦੇ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਜਹਾਜ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਦੂਸਰੇ ਪਾਸੇ, ਸੂਈ ਨੂੰ ਪਾਣੀ ਵਿੱਚ ਪਾਉਣ ਤੇ ਉਹ ਆਪਣੇ ਭਾਰ ਤੋਂ ਘੱਟ ਭਾਰ ਦਾ ਪਾਣੀ ਹੀ ਹਟਾ ਪਾਉਂਦੀ ਹੈ। ਸਿੱਟੇ ਵਜੋਂ, ਸੂਈ ਪਾਣੀ ਵਿੱਚ ਡੁੱਬ ਜਾਂਦੀ ਹੈ ਅਤੇ ਲੋਹੇ ਦਾ ਬਣਿਆ ਹੋਇਆ ਜਹਾਜ਼ ਪਾਣੀ ਵਿੱਚ ਤਰਦਾ ਰਹਿੰਦਾ ਹੈ।

**ਪ੍ਰਸ਼ਨ :** ਪਾਣੀ ਭਰਨ ਨਾਲ ਗੁਬਾਰਾ ਕਿਉਂ ਫੁੱਲ ਜਾਂਦਾ ਹੈ?

**ਉੱਤਰ :** ਗੁਬਾਰੇ ਵਿੱਚ ਪਾਣੀ ਭਰਨ ਤੇ ਉਸ ਦੀ ਸਤਹ ਤੇ ਲੰਬਕਾਰ ਲਗਾਉਣ ਵਾਲੇ ਬਲ ਦੇ ਕਾਰਣ ਗੁਬਾਰਾ ਫੁੱਲ ਜਾਂਦਾ ਹੈ। ਜਿਵੇਂ-ਜਿਵੇਂ ਤੁਸੀਂ ਗੁਬਾਰਿਆਂ ਵਿੱਚ ਜ਼ਿਆਦਾ ਪਾਣੀ ਪਾਉਂਦੇ ਜਾਂਦੇ ਹੋ, ਗੁਬਾਰਾ ਵੀ ਹੋਰ ਜ਼ਿਆਦਾ ਫੁੱਲਦਾ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਜ਼ੋਰ ਵਧ ਜਾਂਦਾ ਹੈ ਕਿਉਂਕਿ ਜ਼ੋਰ ਸਦਾ ਦ੍ਰਵ ਦੀ ਉਚਾਈ ਤੇ ਹੀ ਨਿਰਭਰ ਕਰਦਾ ਹੈ।

❑

## ਦੋ ਮਿੰਨੀ-ਕਵਿਤਾਵਾਂ

✍ ਜਗਦੀਸ਼ ਬਹਾਦਰਪੁਰੀ

# ਤਿਤਲੀ



ਸੋਹਣੀ ਰੰਗ-ਰੰਗੀਲੀ ਤਿਤਲੀ।
ਚਟਕੀਲੀ ਸ਼ਰਮੀਲੀ ਤਿਤਲੀ।

ਮਸਤੀ ਨਾਲ ਇਹ ਉਡਦੀ ਰਹਿੰਦੀ।
ਕਦੇ ਕਿਸੇ ਨੂੰ ਕੁਝ ਨਾ ਕਹਿੰਦੀ।

ਫੁੱਲਾਂ ਦੇ ਸੰਗ ਪਿਆਰ ਹੈ ਇਸ ਨੂੰ।
ਪਿਆਰ ਬੜਾ ਸਤਿਕਾਰ ਹੈ ਇਸ ਨੂੰ।

ਕੋਮਲ ਸਾਫ ਸਜੀਲੀ ਸੋਹਣੀ।
ਜਦ ਉਡਦੀ ਲੱਗਦੀ ਮਨਮੋਹਣੀ।

# ਭੌਰਾ



ਕਾਲ ਕਲੂਟਾ ਭੌਰਾ ਹੈ।
ਭੌਰਾ ਹੈ ਲਟਬੌਰਾ ਹੈ।

ਜਦ ਉਡਦਾ ਤਾਂ ਭੂੰ-ਭੂੰ ਬੋਲੇ।
ਸੋਹਣੇ ਫੁੱਲਾਂ ਉਪਰ ਡੋਲੇ।

ਸੁੰਦਰਤਾ ਦਾ ਆਸ਼ਿਕ ਹੈ।
ਮਹਿਕਾਂ ਦਾ ਉਪਾਸ਼ਕ ਹੈ।

ਬੇਸ਼ਕ ਰੰਗ ਦਾ ਕਾਲਾ ਹੈ।
ਪਰ ਸੋਹਣੇ ਦਿਲ ਵਾਲਾ ਹੈ।

ਕਹਾਣੀ : ਸੰਤੋਸ਼ ਗਰਗ

# ਦੰਡ ਦਾ ਬਦਲਾ



ਵਾਰਾਣਸੀ ਦਾ ਰਾਜਕੁਮਾਰ ਬ੍ਰਹਮਦੱਤ ਅਧਿਐਨ ਲਈ ਤਕਸ਼ਿਲਾ ਪਹੁੰਚਿਆ। ਇਕ ਆਚਾਰਯ ਦੀ ਅਗਵਾਈ ਹੇਠ ਉਸ ਦੀ ਸਿਖਿਆ ਆਰੰਭ ਹੋਈ। ਰਾਜਕੁਮਾਰ ਬਹੁਤ ਅਭਿਮਾਨੀ ਸੀ। ਉਹਨੂੰ ਰਾਜਸੱਤਾ ਤੇ ਬਹੁਤ ਮਾਣ ਸੀ। ਸ਼ਾਗਿਰਦਾਂ ਦੇ ਨਾਲ ਉਹ ਆਚਾਰਯ ਕੋਲ ਪੜਦਾ ਪਰ ਆਪਣੇ ਆਪ ਨੂੰ ਸਭ ਤੋਂ ਉਚੱਾ ਸਮਝਦਾ।

ਆਚਾਰਯ ਹਰ ਰੋਜ਼ ਸਵੇਰੇ ਸ਼ਗਿਰਦਾਂ ਦੇ ਨਾਲ ਘੁੰਮਣ ਜਾਂਦੇ। ਉਹ ਰਾਜਕੁਮਾਰ ਵੀ ਉਹਨਾਂ ਦੇ ਨਾਲ ਜਾਂਦਾ। ਆਚਾਰਯ ਅਗੇ-ਅਗੇ ਚਲਦੇ ਅਤੇ ਸ਼ਗਿਰਦ ਪਿਛੇ-ਪਿਛੇ। ਰਾਹ ਵਿੱਚ ਇਕ ਬਜ਼ੁਰਗ ਔਰਤ ਦਾ ਘਰ ਵੀ ਪੈਂਦਾ ਸੀ। ਇਕ ਵਾਰ ਬਜ਼ੁਰਗ ਨੇ ਆਪਣੇ ਘਰ ਦੇ ਅਗੇ ਤਿਲ ਸੁਕਾਉਣ ਲਈ ਰੱਖ ਛੱਡੇ ਸਨ। ਰਾਜਕੁਮਾਰ ਉਧਰੋਂ ਲੰਘਿਆ ਤਾਂ ਉਸ ਨੇ ਇਕ ਮੁੱਠੀ ਤਿਲ ਉਠਾ ਲਏ। ਬਜ਼ੁਰਗ ਨੇ ਉਸ ਨੂੰ ਵੇਖਿਆ ਪਰ ਕੁਝ ਨਾ ਕਿਹਾ। ਇਸੇ ਤਰ੍ਹਾਂ ਉਹ ਦੂਸਰੇ, ਤੀਸਰੇ ਦਿਨ ਤਿਲ ਉਠਾਉਂਦਾ ਰਿਹਾ। ਬਜ਼ੁਰਗ ਤੋਂ ਇਹ ਵੇਖਿਆਂ ਨਹੀਂ ਗਿਆ। ਉਹਨੂੰ ਆਪਣੇ ਤਿਲਾਂ ਦੀ ਚਿੰਤਾਂ ਨਹੀਂ ਸੀ ਪਰ ਇਕ ਵਿਦਿਆਰਥੀ ਵਿੱਚ ਚੋਰੀ ਦੀ ਆਦਤ ਪੈ ਰਹੀ ਸੀ। ਉਸ ਨੇ ਰਾਜਕੁਮਾਰ ਨੂੰ ਜੋਰ ਨਾਲ ਕੁਝ ਕਿਹਾ। ਆਚਾਰਯ ਨੇ ਇਹ ਸਭ ਸੁਣਿਆ ਤਾਂ ਪਿਛੇ ਘੁੰਮ ਕੇ ਵੇਖਿਆ ਅਤੇ ਘਟਨਾ ਨੂੰ ਜਾਣ ਕੇ ਆਪਣੇ ਸ਼ਗਿਰਦ ਨੂੰ ਝਿੜਕਿਆ। ਰਾਜਕੁਮਾਰ ਨੂੰ ਇਹ ਬਹੁਤ ਬੁਰਾ ਲੱਗਾ।

ਬਜ਼ੁਰਗ ਨੇ ਆਚਾਰਯ ਵੱਲ ਘੂਰਦੇ ਹੋਏ ਵੇਖਿਆ ਅਤੇ ਕਿਹਾ – ਚੋਰ ਦਾ ਹੁਣ ਤਕ ਸਹੀ ਇਲਾਜ ਨਹੀਂ ਹੋਇਆ ਹੈ।

ਰਾਜਕੁਮਾਰ ਨੂੰ ਉਸੇ ਸਮੇਂ ਡੰਡੇ ਦੀ ਮਾਰ ਪਈ। ਰਾਜਕੁਮਾਰ ਦਾ ਸਿਰ ਸ਼ਰਮ ਨਾਲ ਝੁਕ ਗਿਆ। ਉਸ ਦੇ ਬਾਅਦ ਉਸਦਾ ਅਧਿਐਨ ਚਲਦਾ ਰਿਹਾ ਅਤੇ ਰਾਜਕੁਮਾਰ ਵੀ ਪੜਦਾ ਰਹਿੰਦਾ।

ਕੁਝ ਸਾਲਾਂ ਦੇ ਬਾਦ ਅਧਿਐਨ ਸਮਾਪਤ ਕਰਕੇ ਰਾਜਕੁਮਾਰ ਵਾਰਾਣਸੀ ਵਾਪਸ ਆਇਆ। ਹੌਲੀ-ਹੌਲੀ ਉਹ ਰਾਜ ਵਿਵਸਥਾ ਸੰਭਾਲਣ ਲੱਗਾ। ਇਸ ਤਰ੍ਹਾਂ ਉਹ ਰਾਜਾ ਬਣ ਗਿਆ। ਉਹ ਹਮੇਸ਼ਾਂ ਆਪਣੀਆਂ ਸੁਖ-ਸਹੂਲਤਾਂ ਭੁੱਲ ਕੇ ਜਨਤਾ ਦੇ ਹਿਤ ਵਿੱਚ ਜਤਨਸ਼ੀਲ ਰਹਿੰਦਾ। ਐਨਾ ਹੁੰਦੇ ਹੋਏ ਵੀ ਆਚਾਰਯ ਦੁਆਰਾ ਦਿੱਤੀ ਗਈ ਪੀੜਾ ਦੀ ਚੁੰਭਣ ਉਹਨੂੰ ਹਮੇਸ਼ਾਂ ਯਾਦ ਆ ਜਾਂਦੀ। ਘਟਨਾ ਦੀ ਯਾਦ ਨੇ ਉਸ ਨੂੰ ਬਹੁਤ ਬੇਸਬਰ ਬਣਾ ਦਿੱਤਾ। ਉਸ ਨੇ ਆਚਾਰਯ ਨੂੰ ਬੁਲਵਾਇਆ। ਆਚਾਰਯ ਵਾਰਾਣਸੀ ਪਹੁੰਚ ਗਿਆ। ਉਸ ਨੇ ਆਚਾਰਯ ਨੂੰ ਰਾਜਸਭਾ ਵਿੱਚ ਬੁਲਾਇਆ ਅਤੇ ਉਹ ਘਟਨਾ ਸੁਣਾਉਂਦੇ ਹੋਏ ਬੋਲਿਆ, ''ਉਸ ਦਿਨ ਆਪ ਨੇ ਮੈਨੂੰ ਡੰਡੇ ਨਾਲ ਤਿੰਨ ਵਾਰ ਮਾਰਿਆ। ਉਸ ਸਮੇਂ ਕੀ ਆਪ ਭੁੱਲ ਗਏ ਸੀ ਕਿ ਇਕ ਰਾਜਾ ਨੂੰ ਮਾਰਨ ਦਾ ਕੀ ਨਤੀਜਾ ਹੋ ਸਕਦਾ ਹੈ?'' ਉਸ ਨੇ ਆਚਾਰਯ ਨੂੰ ਜੇਲ ਵਿੱਚ ਸੁੱਟਣ ਦਾ ਆਦੇਸ਼ ਦਿੱਤਾ।

ਰਾਜਾ ਦਾ ਆਦੇਸ਼ ਸੁਣ ਕੇ ਸਭਾ ਸੰਨ ਰਹਿ ਗਈ। ਇਕ ਆਚਾਰਯ ਦਾ ਕਰਜ ਇਸ ਤਰ੍ਹਾਂ ਚੁਕਾਇਆ ਜਾਏਗਾ? ਇਹ ਕੋਈ ਸੋਚ ਵੀ ਨਹੀਂ ਸਕਦਾ ਸੀ। ਰਾਜਾ ਇਹ ਆਦੇਸ਼ ਦੇ ਕੇ ਫੁਲਿਆ ਨਹੀਂ ਸਮਾ ਰਿਹਾ ਸੀ। ਉਸ ਨੂੰ ਤਾਂ ਇਹ ਮਹਿਸੂਸ ਹੋ ਰਿਹਾ ਸੀ ਕਿ ਸਾਲਾਂ ਦਾ ਡੂੰਘਾ ਜ਼ਖਮ ਅੱਜ ਇਕੋ ਵਾਰ ਭਰ ਗਿਆ ਹੋਵੇ। ਉਸ ਨੇ ਆਪਣੇ ਮੰਤਰੀ ਤੋਂ ਪੁੱਛਿਆ - ਆਚਾਰਯ ਦੁਆਰਾ ਦਿੱਤੀ ਗਈ ਸਜਾ ਦੇ ਬਦਲੇ ਇਸ ਤੋਂ ਸੁੰਦਰ ਹੋਰ ਕੀ ਆਦੇਸ਼ ਹੋ ਸਕਦਾ ਹੈ। ਮੈਂ ਉਚਿਤ ਹੀ ਤਾਂ ਕੀਤਾ ਹੈ ਨਾ?

ਮੰਤਰੀ ਇਕ ਪਲ ਮੌਨ ਰਿਹਾ। ਰਾਜੇ ਨੇ ਪੁੱਛਿਆ- ਬੋਲਦੇ ਕਿਉਂ ਨਹੀਂ?

ਮੰਤਰੀ ਨੇ ਬੇਨਤੀ ਕੀਤੀ - ਇਹ ਆਪ ਵਰਗੇ ਕੁਸ਼ਲ ਪ੍ਰਸ਼ਾਸ਼ਕ ਲਈ ਉਚਿਤ ਨਹੀਂ ਹੈ।

ਰਾਜਾ ਨੇ ਹੈਰਾਨੀ ਨਾਲ ਪੁੱਛਿਆ - ਤਾਂ ਇਸ ਦਾ ਹੋਰ ਕੀ ਬਦਲਾ ਹੋ ਸਕਦਾ ਹੈ?

ਮੰਤਰੀ - ਮਹਾਰਾਜ! ਸਜਾ ਦੀ ਲੋੜ ਨਹੀਂ ਸੀ ਬਲਕਿ ਪੁਰਸਕਾਰ ਦੀ ਲੋੜ ਸੀ।

ਰਾਜਾ - ਮੈਨੂੰ ਕੁੱਟਣ ਵਾਲੇ ਨੂੰ ਪੁਰਸਕਾਰ? ਤੁਹਾਡੀ ਬੁੱਧੀ ਭ੍ਰਿਸ਼ਟ ਹੋ ਗਈ ਹੈ ਕੀ?

ਮੰਤਰੀ - ਮਹਾਰਾਜ ! ਅਗਰ ਇੰਝ ਨਾ ਹੋਇਆ ਹੁੰਦਾ ਤਾਂ ਆਪ ਵਰਗੇ ਕੁਸ਼ਲ ਪ੍ਰਸ਼ਾਸਕ ਅੱਜ ਸਾਨੂੰ ਕਿਵੇਂ ਪ੍ਰਾਪਤ ਹੁੰਦੇ?

ਰਾਜਾ- ਮੰਤਰੀ, ਮੇਰੇ ਇਹਨਾਂ ਪ੍ਰਸ਼ਾਸਨਿਕ ਅਨੁਭਵਾਂ ਦੇ ਨਾਲ ਉਸ ਘਟਨਾ ਦਾ ਕੀ ਸੰਬੰਧ ਹੈ?

ਮੰਤਰੀ - ਮਹਾਰਾਜ! ਹਰੇਕ ਛੋਟੀ ਤੋਂ ਛੋਟੀ ਘਟਨਾ ਜੀਵਨ ਨੂੰ ਇਕ ਮਹੱਤਵਪੂਰਨ ਮੋੜ ਦੇ ਦਿੰਦੀ ਹੈ। ਉਸ ਦਿਨ ਅਗਰ ਅਜਿਹਾ ਨਾ ਹੋਇਆ ਹੁੰਦਾ ਤਾਂ ਹੋ ਸਕਦਾ ਸੀ ਆਪ ਅੰਦਰ ਚੋਰੀ ਦੀ ਆਦਤ ਪੈ ਜਾਂਦੀ। ਉਹ ਇਕ ਬੁਰਾਈ ਜੀਵਨ ਵਿੱਚ ਅਨੇਕ ਬੁਰਾਈਆਂ ਨੂੰ ਜਨਮ ਦੇ ਦਿੰਦੀ।


ਰਾਜਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਉਸ ਨੇ ਮੰਤਰੀ ਦੀ ਗੱਲ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਮੰਤਰੀ ਤੋਂ ਪੁੱਛਿਆ - ਤਾਂ ਹੁਣ ਕੀ ਕਰਨਾ ਚਾਹੀਦਾ ਹੈ?

ਮੰਤਰੀ - ਮਹਾਰਾਜ! ਇਹਨਾਂ ਨੂੰ ਰਾਜਪੁਰੋਹਿਤ ਬਣਾਉਣਾ ਚਾਹੀਦਾ ਹੈ।

ਮੰਤਰੀ ਦੀ ਗੱਲ ਸੁਣ ਕੇ ਰਾਜਾ ਦੇ ਮਨ ਨੂੰ ਫਿਰ ਧੱਕਾ ਜਿਹਾ ਲੱਗਾ। ਮੈਨੂੰ ਕੁੱਟਣ ਵਾਲਾ ਰਾਜਪੁਰੋਹਿਤ?

ਮੰਤਰੀ - ਹਾਂ ਮਹਾਰਾਜ! ਇਸ ਨਾਲ ਆਪ ਭਵਿੱਖ ਵਿੱਚ ਕੋਈ ਗਲਤੀ ਨਹੀਂ ਕਰ ਸਕੋਗੇ। ਸਮੇਂ-ਸਮੇਂ ਤੇ ਆਪ ਨੂੰ ਇਹਨਾਂ ਕੋਲੋਂ ਮਾਰਗਦਰਸ਼ਨ ਮਿਲਦਾ ਰਹੇਗਾ। ਇਹੋ ਜਿਹੇ ਆਚਾਰਯ ਤਾਂ ਕਿਸਮਤ ਨਾਲ ਕਿਸੇ-ਕਿਸੇ ਨੂੰ ਹੀ ਮਿਲਦੇ ਹਨ। ਆਪ ਨੂੰ ਇਸ ਅਵਸਰ ਦਾ ਲਾਭ ਲੈਣਾ ਚਾਹੀਦਾ ਹੈ।

ਰਾਜਾ ਨੂੰ ਇਹ ਗੱਲ ਭਾਅ ਗਈ। ਉਸ ਨੇ ਹਿਰਦੇ ਤੋਂ ਮਾਫ਼ੀ ਮੰਗੀ, ਉਸ ਨੇ ਆਪਣੇ ਆਚਾਰਯ ਦੇ ਚਰਨ ਛੂਹੇ ਅਤੇ ਉਹਨਾਂ ਨੂੰ ਆਪਣੇ ਹੱਥਾਂ ਨਾਲ ਰਾਜਪ੍ਰੋਹਿਤ ਦੇ ਆਸਨ ਤੇ ਬਿਰਾਜਮਾਨ ਕੀਤਾ। ■



ਜੀਵ - ਜੰਤੂ : ਦੀਪਾਂਸ਼ੂ ਜੈਨ

# ਸ਼ਾਨਦਾਰ ਸਿੰਗਾਂ ਵਾਲਾ : ਬਾਰਾਂਸਿੰਗਾ



ਬਾਰਾਂਸਿੰਗਾ ਆਪਣੇ ਸੁੰਦਰ ਅਤੇ ਸ਼ਾਨਦਾਰ ਸਿੰਗਾਂ ਦੇ ਕਾਰਣ ਬਾਕੀ ਹਿਰਨਾਂ ਤੋਂ ਵੱਖ ਪਹਿਚਾਨ ਰੱਖਦੇ ਹਨ। ਇਹਨਾਂ ਦਾ ਪਰਿਵਾਰ ਕਾਫੀ ਵੱਡਾ ਹੈ ਅਤੇ ਇਹਨਾਂ ਦੀਆਂ ਅਨੇਕਾਂ ਪ੍ਰਜਾਤੀਆਂ ਸਾਡੇ ਦੇਸ਼ ਵਿਚ ਪਾਈਆਂ ਜਾਂਦੀਆਂ ਹਨ। ਉਤਰੀ ਗੋਲਾਰਧ ਦੇ ਰੇਡਿਅਰ ਨੂੰ ਛੱਡ ਕੇ ਬਾਕੀ ਸਾਰੇ ਬਾਰਾਂਸਿੰਗਾ ਵਿਚ ਨਰ ਦੇ ਸਿੰਗ ਵੱਡੇ ਹੁੰਦੇ ਹਨ। ਇਸ ਪਰਿਵਾਰ ਦੇ ਬਾਕੀ ਬਾਰਾਂਸਿੰਗਾ ਵਿਚ ਹਾਂਗੁਲ, ਸਾਂਭਰ, ਚੀਤਲ, ਪਾੜਾ, ਕਾਕੜ ਅਤੇ ਕਸਤੂਰੀ ਮ੍ਰਿਗ ਹਨ। ਬਾਰਾਂਸਿੰਗਾ ਨੂੰ ਦਲਦਲੀ ਹਿਰਨ ਵੀ ਕਿਹਾ ਜਾਂਦਾ ਹੈ।

ਬਾਰਾਂਸਿੰਗਾ ਦਾ ਨਾਮ ਆਉਂਦੇ ਹੀ ਸਾਡੇ ਦਿਮਾਗ ਵਿਚ ਇਕ ਵੱਡੇ ਆਕਾਰ ਦੇ ਜਾਨਵਰ ਦੀ ਤਸਵੀਰ ਉਭਰਦੀ ਹੈ। ਆਮ ਧਾਰਣਾ ਹੈ ਕਿ ਇਸ ਦਾ ਨਾਮ ਬਾਰਾਂਸਿੰਗਾ ਇਸ ਲਈ ਹੈ ਕਿਉਂਕਿ ਇਸ ਦੇ ਬਾਰਾਂ ਸਿੰਗ ਹੁੰਦੇ ਹਨ। ਦਰਅਸਲ ਇਸ ਦੇ ਮੂਲ ਸਿੰਗ ਤਾਂ ਦੋ ਹੀ ਹੁੰਦੇ ਹਨ ਪਰ ਇਹਨਾਂ ਦੀਆਂ ਬ੍ਰਾਚਾਂ ਬਾਰਾਂ ਹੁੰਦੀਆਂ ਹਨ ਅਤੇ ਇਹ ਵੀ ਜ਼ਰੂਰੀ ਨਹੀਂ ਕਿ ਇਹ ਪੂਰੀਆਂ 12 ਹੀ ਹੋਣ। 12 ਤੋਂ ਘੱਟ ਵੀ ਹੁੰਦੀਆਂ ਹਨ ਅਤੇ ਜ਼ਿਆਦਾ ਵੀ। ਵੱਧ ਤੋਂ ਵੱਧ 17 ਬ੍ਰਾਚਾਂ ਵਾਲੇ ਮ੍ਰਿਗ ਵੀ ਵੇਖੇ ਜਾ ਸਕਦੇ ਹਨ।

ਬਾਰਾਂਸਿੰਗਾ ਦੀ ਔਸਤਨ ਉਚਾਈ 135 ਸੈਂਟੀਮੀਟਰ ਅਤੇ ਭਾਰ 170-180 ਕਿਲੋਗ੍ਰਾਮ ਦੇ ਵਿੱਚਕਾਰ ਹੁੰਦਾ ਹੈ। ਲੰਮੇ-ਚੌੜੇ ਸਰੀਰਕ ਢਾਂਚੇ ਦੇ ਕਾਰਣ ਇਹਨਾਂ ਦਾ ਵਜਨ ਵੀ ਜ਼ਿਆਦਾ ਹੁੰਦਾ ਹੈ। ਕਦੇ-ਕਦੇ ਵਜਨ ਵਿਚ ਇਹ ਸ਼ੇਰ ਨੂੰ ਵੀ ਮਾਤ ਕਰਦੇ ਹਨ। ਇਸ ਦੇ ਸਿੰਗ 75 ਸੈਂਟੀਮੀਟਰ ਲੰਬੇ ਹੁੰਦੇ ਹਨ। ਜਿਨ੍ਹਾਂ ਦਾ ਘੇਰਾ 13 ਸੈਂਟੀਮੀਟਰ ਹੁੰਦਾ ਹੈ।ਇਸ ਦੇ ਹਰੇਕ ਸਿੰਗ ਵਿੱਚ ਬ੍ਰਾਚਾਂ ਫੁੱਟਦੀਆਂ ਰਹਿੰਦੀਆਂ ਹਨ।

ਬਾਰਾਂਸਿੰਗਾ ਮ੍ਰਿਗ ਦੀ ਨਸਲ ਭਾਰਤ ਤੋਂ ਬਾਹਰ ਵੀ ਮਿਲਦੀ ਹੈ। ਪਹਿਲਾਂ-ਪਹਿਲਾਂ ਇਹ ਨਸਲ ਸਕਾਟਲੈਂਡ ਦੇ ਜੰਗਲਾਂ ਵਿਚ ਵੇਖੀ ਗਈ। ਨਿਊਯਾਰਕ ਦੇ ਜਿਓਲਾਜੀਕਲ ਪਾਰਕ ਵਿਚ ਵੀ ਬਾਰਾਂਸਿੰਗਾ ਮੌਜੂਦ ਹਨ। ਉਹਨਾਂ ਦੇਸ਼ਾਂ ਵਿਚ ਇਸ ਨੂੰ ਰੈਡ ਡੀਅਰ (ਲਾਲ ਮ੍ਰਿਗ) ਵੀ ਕਹਿੰਦੇ ਹਨ। ਭਾਰਤੀ ਅਤੇ ਵਿਦੇਸ਼ੀ ਬਾਰਾਂਸਿੰਗਾ ਦੇ ਸਰੀਰ ਅਤੇ ਸਿੰਗਾਂ ਦੀ ਰਚਨਾ ਮਿਲਦੀ-ਜੁਲਦੀ ਹੈ। ਹਾਂ, ਹਲਕਾ-ਜਿਹਾ ਰੰਗ-ਭੇਦ ਜ਼ਰੂਰ ਹੈ।

ਬਾਰਾਂਸਿੰਗਾ ਬਹੁਤ ਸੁਡੋਲ ਹੁੰਦਾ ਹੈ। ਇਸ ਦੇ ਸਰੀਰ ਦੇ ਵਾਲ ਸਖਤ ਅਤੇ ਮੋਟੇ ਹੁੰਦੇ ਹਨ ਜੋ ਗਰਦਨ ਦੇ ਕੋਲ ਕਾਫੀ ਲੰਮੇ ਹੋ ਜਾਂਦੇ ਹਨ। ਇਸ ਦੇ ਵਾਲਾਂ ਦਾ ਰੰਗ ਭੂਰਾ ਜਾਂ ਪੀਲਾ-ਭੂਰਾ ਹੁੰਦਾ ਹੈ। ਇਹ ਝੁੰਡ ਵਿੱਚ ਰਹਿਣ ਵਾਲਾ ਜਾਨਵਰ ਹੈ ਜੋ ਗਰਮੀਆਂ ਵਿੱਚ ਇਕੱਲੇ ਰਹਿਣਾ ਪਸੰਦ ਕਰਦਾ ਹੈ ਲੇਕਿਨ ਸਰਦੀਆਂ ਵਿੱਚ ਇਸ ਦੇ ਵੱਡੇ-ਵੱਡੇ ਝੁੰਡ ਬਣ ਜਾਂਦੇ ਹਨ। ਇਹ ਦਲਦਲੀ ਭੂਮੀ ਵਾਲੇ ਜੰਗਲ ਅਤੇ ਘਾਹ ਦੇ ਮੈਦਾਨਾਂ ਵਿੱਚ ਰਹਿਣਾ ਪਸੰਦ ਕਰਦੇ ਹਨ।

ਇਸ ਦਾ ਰੰਗ ਮੂਲ ਰੂਪ ਨਾਲ ਭੂਰਾ ਹੀ ਹੁੰਦਾ ਹੈ। ਇਹਨਾਂ ਦੀ ਚਮੜੀ ਦਾ ਰੰਗ ਰੁੱਤਾਂ ਦੇ ਅਨੁਸਾਰ ਹਲਕਾ ਅਤੇ ਗਹਿਰਾ ਹੁੰਦਾ ਹੈ। ਨਰਾਂ ਦਾ ਰੰਗ ਮਾਦਾਵਾਂ ਤੋਂ ਜ਼ਿਆਦਾ ਗੂੜਾ-ਭੂਰਾ ਹੁੰਦਾ ਹੈ। ਪਿੱਠ ਤੋਂ ਪੇਟ ਤਕ ਪਹੁੰਚਦੇ-ਪਹੁੰਚਦੇ ਇਹਨਾਂ ਦਾ ਰੰਗ ਹਲਕਾ ਹੁੰਦਾ ਜਾਂਦਾ ਹੈ। ਪੈਰਾਂ ਅਤੇ ਪੂਛ ਦਾ ਅੰਦਰੂਨੀ ਹਿਸਾ ਮਟਮੈਲਾ ਸਫੈਦ ਹੁੰਦਾ ਹੈ। ਸਮੇਂ-ਸਮੇਂ ਤੇ ਇਹਨਾਂ ਦੇ ਸਿੰਗ ਡਿਗਦੇ ਰਹਿੰਦੇ ਹਨ। ਮੌਸਮ ਦੇ ਪ੍ਰਭਾਵ ਦੇ ਕਾਰਣ ਭਿੰਨ-ਭਿੰਨ ਸਥਾਨਾਂ ਤੇ ਸਿੰਗ ਡਿਗਣ ਦੇ ਸਮੇਂ ਵਿੱਚ ਭਿੰਨਤਾ ਪਾਈ ਜਾਂਦੀ ਹੈ। ਗਰਮੀਆਂ ਵਿੱਚ ਹੀ ਇਹਨਾਂ ਦੇ ਸਿੰਗ ਪੱਕਦੇ ਹਨ। ਇਹਨਾਂ ਦੇ ਸਿੰਗਾਂ ਦੀ ਖ਼ੂਬਸੂਰਤੀ ਉਹਨਾਂ ਦੀ ਅਧਿਕਤਾ ਅਤੇ ਮੂਲ ਬ੍ਰਾਚਾਂ ਦੀ ਲੰਬਾਈ ਦੇ ਆਧਾਰ ਤੇ ਵੇਖੀ ਜਾਂਦੀ ਹੈ।

ਅੱਜ ਤੋਂ ਕੁਝ ਸਾਲ ਪਹਿਲਾਂ ਤਾਂ ਬਾਰਾਂਸਿੰਗਾ ਭਾਰਤ ਦੇ ਵਿਭਿੰਨ ਪ੍ਰਦੇਸ਼ਾਂ ਵਿਚ ਪਾਏ ਜਾਂਦੇ ਸਨ। ਹੁਣ ਤਾਂ ਇਹ ਉੱਤਰ ਭਾਰਤ ਦੇ ਖੀਰੀ ਜਿਲੇ ਦੇ ਪੱਛਮੀ ਹਿੱਸੇ ਤਕ ਹੀ ਸਿਮਟ ਕੇ ਰਹਿ ਗਏ ਹਨ।

ਜਿਥੇ ਵੱਡੀ-ਵੱਡੀ ਘਾਹ ਉਗੀ ਹੋਈ ਹੋਵੇ, ਜਿਥੇ ਸੁੱਕੀ ਅਤੇ ਸਖਤ ਮਿੱਟੀ ਵਿੱਚ ਰੁੱਖ ਉਗੇ ਹੋਏ ਹੋਣ, ਅਜਿਹੇ ਹੀ ਖੇਤਰ ਇਹਨਾਂ ਨੂੰ ਪਸੰਦ ਹਨ। ਇਹਨਾਂ ਨੂੰ ਤੇਜ਼ ਢਲਵੀਂ ਜ਼ਮੀਨ ਪਸੰਦ ਨਹੀਂ ਹੈ। ਇਕ ਤਾਂ ਇਸ ਦੀ ਗਰਦਨ ਵਾਲਾਂ ਨਾਲ ਢੱਕੀ ਹੋਈ ਹੁੰਦੀ ਹੈ ਅਤੇ ਵੱਡੇ-ਵੱਡੇ ਸਿੰਗਾਂ ਦਾ ਭਾਰ ਪਿਆ ਹੁੰਦਾ ਹੈ। ਸਰੀਰ ਤੋਂ ਵੀ ਭਾਰੀ ਹੋਣ ਦੇ ਕਾਰਣ ਇਹ ਦੌੜ ਨਹੀਂ ਸਕਦੇ। ਆਪਣੀ ਸੁਰੱਖਿਆ ਲਈ ਵੀ ਤੇਜ਼ ਢਾਲਾਂ ਦੀ ਪਹਾੜੀ ਜ਼ਮੀਨ ਇਹ ਪਸੰਦ ਨਹੀਂ ਕਰਦੇ।

ਬਾਰਾਂਸਿੰਗਾ ਘੁਮੰਕੜ ਜੀਵ ਨਹੀਂ ਹੈ। ਇਹ ਜਿਸ ਟੁਕੜੇ ਵਿਚ ਰਹਿੰਦੇ ਹਨ, ਉਥੇ ਹੀ ਆਪਣਾ ਸੰਪੂਰਨ ਜੀਵਨ ਬਤੀਤ ਕਰ ਦਿੰਦੇ ਹਨ ਕਿਉਂਕਿ ਜਿਸ ਪ੍ਰਕਾਰ ਦੀਆਂ ਦਲਦਲੀ ਘਾਹਾਂ ਨਾਲ ਭਰਿਆ ਇਲਾਕਾ ਇਹਨਾਂ ਨੂੰ ਪਸੰਦ ਹੈ, ਉਹੋ ਜਿਹਾ ਸਥਾਨ ਐਨੀ ਆਸਾਨੀ ਨਾਲ ਪ੍ਰਾਪਤ ਨਹੀਂ ਹੁੰਦਾ।

ਬਾਰਾਂਸਿੰਗਾ ਹਮੇਸ਼ਾਂ ਝੁੰਡ ਵਿਚ ਹੀ ਰਹਿੰਦੇ ਹਨ। ਇਹ ਅਕਸਰ ਰਾਤ ਨੂੰ ਵਿਚਰਨ ਨਹੀਂ ਕਰਦੇ ਸਵੇਰੇ ਅਤੇ ਸ਼ਾਮ ਨੂੰ ਦੇਰ ਤਕ ਚਰਾਈ ਕਰਦੇ ਹਨ। ਦਿਨ ਵਿੱਚ ਆਰਾਮ ਕਰਦੇ ਹਨ। ਇਹਨਾਂ ਦੀ ਨਜ਼ਰ ਅਤੇ ਸੁਣਨ ਸ਼ਕਤੀ ਕਮਜ਼ੋਰ ਹੁੰਦੀ ਹੈ ਪ੍ਰੰਤੂ ਇਹਨਾਂ ਦੀ ਸੁੰਘਣ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ। ਜਿਸ ਸਥਾਨ ਤੋਂ ਸ਼ੇਰ ਜਾਂ ਸ਼ੇਰ ਦੀ ਨਸਲ ਦਾ ਕੋਈ ਜਾਨਵਰ ਜਾ ਰਿਹਾ ਹੋਵੇ ਜਾਂ ਜਾ ਚੁੱਕਾ ਹੋਵੇ, ਉਥੇ ਪਹੁੰਚਦੇ ਹੀ ਇਹ ਉਸਦੀ ਮਹਿਕ ਨੂੰ ਪਕੜ ਲੈਂਦੇ ਹਨ। ਇਹ ਜਾਂ ਤਾਂ ਚੌਕੰਨੇ ਹੋ ਜਾਂਦੇ ਹਨ ਜਾਂ ਭੱਜ ਖੜੇ ਹੁੰਦੇ ਹਨ। ਬਾਰਾਂਸਿੰਗਾ ਜਦ ਖੁਦ ਨੂੰ ਖਤਰੇ ਵਿੱਚ ਪਾ ਕੇ ਸਚੇਤ ਹੁੰਦਾ ਹੈ ਤਾਂ ਇਹ ਆਪਣੀ ਗਰਦਨ ਸਿਧੀ ਕਰਕੇ ਕੰਨ ਖੜੇ ਕਰ ਲੈਂਦਾ ਹੈ ਅਤੇ ਸੁੰਘਣ ਦੀ ਕੋਸ਼ਿਸ਼ ਕਰਦਾ ਹੈ। ਅਜਿਹਾ ਕਰਦੇ ਹੋਏ ਇਹ ਗਰਦਨ ਆਕਾਸ਼ ਵੱਲ ਉਠਾ ਲੈਂਦਾ ਹੈ ਅਤੇ ਇਸਦੀ ਪੂਛ ਵੀ ਖੜੀ ਹੋ ਜਾਂਦੀ ਹੈ। ਡਰ ਕਾਰਣ ਇਹ ਪੈਰ ਪਟਕਣ ਲੱਗਦਾ ਹੈ ਅਤੇ ਖਤਰੇ ਨੂੰ ਬਹੁਤ ਨੇੜੇ ਜਾਣ ਕੇ ਚਿਲਾ ਵੀ ਪੈਂਦਾ ਹੈ।

ਬਾਰਾਂਸਿੰਗਾ ਯੂਰਪ ਦੇ ਬਹੁਤ ਸਾਰੇ ਸਥਾਨਾਂ ਅਤੇ ਏਸ਼ੀਆ ਦੇ ਉਤਰੀ ਹਿੱਸੇ ਵਿੱਚ ਪਾਏ ਜਾਂਦੇ ਹਨ। ਭਾਰਤ ਵਿਚ ਹਿਮਾਲਯ ਦੀ ਤਰਾਈ, ਉਤਰ ਪ੍ਰਦੇਸ਼, ਅਸਾਮ ਅਤੇ ਸੁੰਦਰਵਨ ਵਿਚ ਵੇਖਿਆ ਜਾ ਸਕਦਾ ਹੈ। ਬਾਰਾਂਸਿੰਗਾ ਸੰਕਟਪੀੜਤ ਪ੍ਰਾਣੀਆਂ ਦੀ ਸ਼੍ਰੇਣੀ ਵਿਚ ਹੈ। ਮੱਧ ਭਾਰਤ ਵਿਚ ਇਹਨਾਂ ਦੀ ਗਿਣਤੀ 200 ਤੋਂ ਵੀ ਘੱਟ ਹੈ। ਇਸ ਦੇ ਬਚਾਅ ਲਈ ਸਖਤ ਸੁਰੱਖਿਆ ਅਤੇ ਜਨਜਾਗ੍ਰਤੀ ਦੀ ਲੋੜ ਹੈ।



# ਹਾਸਾ ਖੇੜਾ

ਦੋ ਦੋਸਤ ਪੰਜਾਬੀ ਵਿਆਕਰਣ ਦੇ ਪੇਪਰ ਦੀ ਤਿਆਰੀ ਕਰ ਰਹੇ ਸਨ।

ਪਹਿਲਾ ਦੋਸਤ : ਪਿੰਕੀ ਮਿਠਾਈ ਨਹੀਂ ਖਾਂਦੀ। ਇਸ ਵਿੱਚ ਪਿੰਕੀ ਕੀ ਹੈ?

ਦੂਸਰਾ ਦੋਸਤ : ਮੂਰਖ।

...............

ਇਕ ਭੁਲੱਕੜ ਨੂੰ ਕਿਸੇ ਨੇ ਕਿਹਾ – ਤੇਰੀ ਪਤਨੀ ਦਾ ਐਕਸੀਡੈਂਟ ਹੋ ਗਿਆ ਹੈ ਅਤੇ ਉਹ ਹਸਪਤਾਲ ਵਿੱਚ ਹੈ, ਜਲਦੀ ਪਹੁੰਚੋ।

ਭੁਲੱਕੜ : (ਹਸਪਤਾਲ ਪਹੁੰਚਿਆ ਤਾਂ ਉਹਨੂੰ ਕੁਝ ਯਾਦ ਆਇਆ) ਅਰੇ ਮੈਂ ਤਾਂ ਭੁੱਲ ਹੀ ਗਿਆ ਮੇਰਾ ਤਾਂ ਹਾਲਾਂ ਵਿਆਹ ਹੀ ਨਹੀਂ ਹੋਇਆ ਹੈ।

...............

ਪੱਪੂ ਪਹਿਲੇ ਦਿਨ ਸਕੂਲ ਤੋਂ ਪੜ ਕੇ ਆਇਆ।

ਅੱਜ ਸਕੂਲ ਵਿੱਚ ਕੀ ਸਿਖਿਆ ਪੱਪੂ? – ਮਾਂ ਨੇ ਪੁੱਛਿਆ।

ਕੁਝ ਵੀ ਨਹੀਂ।

– ਪੱਪੂ ਉਦਾਸ ਸੁਰ ਵਿੱਚ ਬੋਲਿਆ –

ਕੱਲ ਫਿਰ ਜਾਣਾ ਪਏਗਾ।



...............

ਭਿਖਾਰੀ : ਮਾਤਾ ਜੀ, ਕੀ ਇਸ ਗਰੀਬ ਨੂੰ ਥੋੜੀ ਮਿਠਾਈ ਮਿਲੇਗੀ?

ਮਹਿਲਾ : ਕਿਉਂ ਰੋਟੀ ਨਾਲ ਕੰਮ ਨਹੀਂ ਚਲ ਸਕਦਾ?

ਭਿਖਾਰੀ : ਚਲ ਸਕਦਾ ਹੈ ਪਰ ਅੱਜ ਮੇਰਾ 'ਬਰਥ ਡੇ' ਹੈ।

– ਬਬਲੂ ਕੁਮਾਰ

ਬੱਚੇ ਦਾ ਦੰਦ ਕੱਢਣ ਦੇ ਬਾਦ ਡਾਕਟਰ ਨੇ ਉਸ ਦੇ ਪਿਤਾ ਨੂੰ ਕਿਹਾ – ਪੰਜ ਸੌ ਰੁਪਏ ਫੀਸ ਦੇ ਦਿਉ।

ਬੱਚੇ ਦੇ ਪਿਤਾ ਨੇ ਕਿਹਾ –

ਆਪ ਨੇ ਤਾਂ ਫੀਸ ਦੇ ਸੌ ਰੁਪਏ ਦੱਸੇ ਸਨ।

ਡਾਕਟਰ ਬੋਲਿਆ –

ਹਾਂ ਬੋਲਿਆ ਤਾਂ ਸੀ ਲੇਕਿਨ ਆਪ ਦੇ ਬੱਚੇ ਨੇ ਬਹੁਤ ਸ਼ੋਰ ਮਚਾਇਆ ਉਸ ਨਾਲ ਮੈਨੂੰ ਕਾਫੀ ਨੁਕਸਾਨ ਹੋਇਆ। ਬੱਚੇ ਦਾ ਸ਼ੋਰ ਸੁਣ ਕੇ ਮੇਰੇ ਚਾਰ ਗਾਹਕ ਵਾਪਸ ਚਲੇ ਗਏ।– ਡਾਕਟਰ ਬੋਲਿਆ।



...............

ਭਿਖਾਰੀ : ਸੇਠ ਜੀ ਕੁਝ ਖਾਣ ਨੂੰ ਦੇ ਦਿਉ। ਪੇਟ ਵਿੱਚ ਚੂਹੇ ਕੁੱਦ ਰਹੇ ਹਨ।

ਸੇਠ : ਤਾਂ ਚੂਹੇ ਮਾਰਨ ਦੀਆਂ ਦੋ-ਤਿੰਨ ਗੋਲੀਆ ਖਾ ਲਉ।

...............

ਬਹੁਤ ਦਿਨਾਂ ਤੋਂ ਰੁਕੇ ਹੋਏ ਮਹਿਮਾਨ ਨੇ ਘਰਵਾਲਿਆਂ ਨੂੰ ਪੁੱਛਿਆ – ਇਸ ਸ਼ਹਿਰ ਤੋਂ ਮੈਂ ਕੀ ਲੈ ਕੇ ਜਾਊਂ ?

ਘਰ ਵਾਲੇ ਉਂਝ ਹੀ ਪ੍ਰੇਸ਼ਾਨ ਸਨ। ਉਹਨਾਂ ਨੇ ਕਿਹਾ – ਵਿਦਾਈ।

...............

ਡਾਕਟਰ : (ਮਰੀਜ ਨੂੰ) ਆਪ ਕੀ ਪੀਂਦੇ ਹੋ? ਚਾਹ, ਕਾਫੀ, ਠੰਡਾ।

ਮਰੀਜ : ਆਪ ਕਿਉਂ ਤਕਲੀਫ ਕਰ ਰਹੇ ਹੋ। ਮੈਂ ਤਾਂ ਘਰ ਤੋਂ ਖਾ-ਪੀ ਕੇ ਆਇਆ ਹਾਂ।

– ਗੁਰਚਰਨ ਆਨੰਦ

ਪਾਗਲ : ਕੱਲ ਮੈਂ ਕੁਤੁਬਮੀਨਾਰ ਨੂੰ ਧੱਕਾ ਦਿੱਤਾ, ਲੇਕਿਨ ਉਹ ਹਿਲੀ ਤਕ ਨਹੀਂ।

ਦੂਸਰਾ ਪਾਗਲ : ਹਿਲਦੀ ਕਿਵੇਂ? ਮੈਂ ਉਸ ਨੂੰ ਪਿਛੋਂ ਫੜ ਜੋ ਰੱਖਿਆ ਸੀ।



...............

ਹਵਲਦਾਰ : ਸਰ, ਕੱਲ ਕੈਦੀਆਂ ਨੇ ਜੇਲ ਵਿਚ ਰਾਮਲੀਲਾ ਪੇਸ਼ ਕੀਤੀ।

ਇੰਸਪੈਕਟਰ : ਅੱਛਾ, ਇਹ ਤਾਂ ਬਹੁਤ ਚੰਗੀ ਗੱਲ ਹੈ।

ਹਵਲਦਾਰ : ਮਗਰ ਸਰ, ਜੋ ਹਨੁਮਾਨ ਬਣਿਆ ਸੀ, ਉਹ ਸੰਜੀਵਨੀ ਬੂਟੀ ਲੈਣ ਗਿਆ ਸੀ, ਲੇਕਿਨ ਹੁਣ ਤਕ ਵਾਪਸ ਨਹੀਂ ਆਇਆ।

...............

ਇਕ ਭਿਖਾਰੀ : ਤੁਹਾਡੀ ਲਾਟਰੀ ਨਿਕਲ ਆਈ ਤਾਂ ਤੁਸੀਂ ਕੀ ਕਰੋਗੇ?

ਦੂਸਰਾ ਭਿਖਾਰੀ : ਸਭ ਤੋਂ ਪਹਿਲਾ ਤਾਂ ਇਕ ਸਕੂਟਰ ਖਰੀਦਾਂਗਾ। ਪੈਦਲ ਭੀਖ ਮੰਗਦੇ-ਮੰਗਦੇ ਲੱਤਾਂ ਟੁੱਟ ਗਈਆਂ ਹਨ।

...............

ਗੱਡੀ ਸਟੇਸ਼ਨ ਤੇ ਰੁਕੀ। ਇਕ ਯਾਤਰੀ ਨੇ ਖਿੜਕੀ ਦੇ ਕੋਲ ਬੈਠੇ ਦੂਸਰੇ ਯਾਤਰੀ ਤੋਂ ਪੁੱਛਿਆ -

ਭਾਈ ਸਾਹਿਬ, ਕਿਹੜਾ ਸਟੇਸ਼ਨ ਹੈ?

ਦੂਸਰਾ ਯਾਤਰੀ ਬਾਹਰ ਵੇਖ ਕੇ ਬੋਲਿਆ -

ਸ਼ਾਇਦ ਰੇਲਵੇ ਸਟੇਸ਼ਨ ਹੈ।

- ਪੂਜਾ

ਰਾਮੂ ਸਮੋਸੇ ਦੇ ਅੰਦਰ ਦੇ ਆਲੂ ਖਾ ਰਿਹਾ ਸੀ ਅਤੇ ਬਾਹਰ ਦੇ ਹਿੱਸੇ ਨੂੰ ਸੁੱਟ ਰਿਹਾ ਸੀ।

ਇਕ ਵਿਅਕਤੀ ਨੇ ਉਸ ਨੂੰ ਕਿਹਾ -

ਆਪ ਸਮੋਸੇ ਦੇ ਸਿਰਫ ਆਲੂ ਹੀ ਕਿਉਂ ਖਾ ਰਹੇ ਹੋ?

ਰਾਮੂ ਬੋਲਿਆ - ਕੀ ਦੱਸਾਂ ਭਾਈ ਸਾਹਿਬ! ਡਾਕਟਰ ਨੇ ਮੈਨੂੰ ਬਾਹਰ ਦੀਆਂ ਚੀਜ਼ਾਂ ਖਾਣ ਤੋਂ ਮਨ੍ਹਾ ਕੀਤਾ ਹੈ।

...............

ਰੋਂਦੂ : ਯਾਰ ਭੋਂਦੂ, ਮੈਂ ਤੇਰਾ ਫੋਨ ਕਦੋਂ ਤੋਂ ਮਿਲਾ ਰਿਹਾ ਹਾਂ। ਹਰ ਵਾਰ ਫੋਨ ਤੋਂ ਆਵਾਜ਼ ਆਉਂਦੀ ਹੈ। - 'ਦਿਸ ਇਜ ਸਵਿੱਚ ਆਫ.....'।

ਭੋਂਦੂ : ਓਹੋ ...ਯਾਰ ਉਹ ਤਾਂ ਮੇਰੀ ਹੈਲੋ ਟਿਊਨ' ਹੈ।

...............

ਮਾਲਕਿਨ : (ਨੌਕਰਾਨੀ ਨੂੰ)

ਜਾਓ ਸ਼ੀਸ਼ਾ ਲੈ ਕੇ ਆਓ ਮੈਂ ਆਪਣਾ ਚਿਹਰਾ ਵੇਖਣਾ ਹੈ।

ਨੌਕਰਾਨੀ ਖਾਲੀ ਹੱਥ ਵਾਪਸ ਆ ਕੇ ਬੋਲੀ -

ਮਾਲਕਿਨ ਕਿਸੀ ਵੀ ਸ਼ੀਸ਼ੇ ਵਿੱਚ ਆਪ ਦਾ ਚਿਹਰਾ ਨਹੀਂ ਦਿਖਾਈ ਦਿਤਾ। ਸਾਰਿਆਂ ਵਿਚ ਵੇਖਿਆ ਮੇਰਾ ਹੀ ਚਿਹਰਾ ਸੀ।



...............

ਨਿਰਮਲਾ : (ਗੀਤਾ ਨੂੰ) ਕੀ ਗੱਲ ਹੈ ਮਟਰ-ਪਨੀਰ ਵਿੱਚ ਪਨੀਰ ਨਜ਼ਰ ਨਹੀਂ ਆ ਰਿਹਾ ਹੈ।

ਗੀਤਾ : ਕੀ ਤੂੰ ਕਦੇ ਗੁਲਾਬਜਾਮਨ ਵਿੱਚ ਗੁਲਾਬ ਵੇਖਿਆ ਹੈ?

- ਭਾਵਨਾ ਨਿਰੰਕਾਰੀ




ਬਾਲ ਕਵਿਤਾ - ਪ੍ਰਿਤਪਾਲ ਢਿੱਲੋਂ

# ਹੱਸਤੀ ਦੁਨੀਆ ਨੂੰ ਪੜੋ ਬੱਚਿਓ

ਹੱਸਤੀ ਦੁਨੀਆ ਨੂੰ ਪੜੋ ਬੱਚਿਓ।
ਸਮੇਂ ਦੀ ਸੰਭਾਲ ਸਦਾ ਕਰੋ ਬੱਚਿਓ।

ਮੁੜਦਾ ਨਾ ਸਮਾਂ ਕਦੇ ਲੰਘੇ ਕੱਲ ਦਾ,
ਰੱਖਿਓ ਖਿਆਲ ਸਦਾ ਇਸ ਗੱਲ ਦਾ।
ਕਦੇ ਨਾ ਮੁਸੀਬਤਾਂ ਤੋਂ ਡਰੋ ਬੱਚਿਓ,
ਸਮੇਂ ਦੀ ਸੰਭਾਲ ਸਦਾ ਕਰੋ ਬੱਚਿਓ।

ਸਮੇਂ ਨਾਲ ਕੀਤੇ ਕੰਮ ਰਾਸ ਹੁੰਦੇ ਨੇ,
ਸਮੇਂ ਦੀ ਸੰਭਾਲ ਵਾਲੇ ਪਾਸ ਹੁੰਦੇ ਨੇ।
ਸਫਲਤਾ ਦੇ ਸਾਗਰ ਚੋਂ ਤਰੋ ਬੱਚਿਓ,
ਸਮੇਂ ਦੀ ਸੰਭਾਲ ਸਦਾ ਕਰੋ ਬੱਚਿਓ।

ਜਿਹੜੇ ਬੱਚੇ ਸਮੇਂ ਦੀ ਸੰਭਾਲ ਕਰਦੇ,
ਜ਼ਿੰਦਗੀ ਦੇ ਵਿਚ ਕਦੇ ਨਹੀਓ ਹਰਦੇ।
ਹਰ ਮੁਸ਼ਕਿਲ ਨਾਲ ਲੜੋ ਬੱਚਿਓ,
ਸਮੇਂ ਦੀ ਸੰਭਾਲ ਸਦਾ ਕਰੋ ਬੱਚਿਓ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਨ ਗਿਆਨ ਪ੍ਰਸ਼ਨੋਤਰੀ




(ਸਭ ਸਵਾਲਾਂ ਦੇ ਜੁਆਬ 'ਤ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਓ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਓ।)

ਪ੍ਰਸ਼ਨ 1) ਇਕ ਕਰੋੜ ਵਿਚ ਕਿੰਨੇ ਜ਼ੀਰੋ ਹੁੰਦੇ ਹਨ?

ਪ੍ਰਸ਼ਨ 2) ਮਹਾਂਰਿਸ਼ੀ ਵੇਦਵਿਆਸ ਨੇ ਕਿਸ ਮਹਾਂਕਾਵਿ ਦੀ ਰਚਨਾ ਕੀਤੀ?

ਪ੍ਰਸ਼ਨ 3) ਕਿਸ ਦੇਸ਼ ਦੀ ਰਾਜਧਾਨੀ ਦਾ ਨਾਮ ਕੁਵੈਤਸਿਟੀ ਹੈ?

ਪ੍ਰਸ਼ਨ 4) ਸ਼੍ਰੀਮਦਭਗਵਦਗੀਤਾ ਕਿਸ ਭਾਸ਼ਾ ਵਿਚ ਲਿਖੀ ਗਈ ਹੈ?

ਪ੍ਰਸ਼ਨ 5) ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਕਿਹੜਾ ਹੈ?

ਪ੍ਰਸ਼ਨ 6) ਭਾਰਤ ਦਾ ਨੈਪੋਲੀਅਨ ਕਿਸ ਸ਼ਾਸ਼ਕ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ 7) ਮੂਲ ਰੂਪ ਵਿਚ ਕਿਸ ਖੇਤਰ ਦੇ ਨਿਵਾਸੀ ਨੂੰ ਤਿਬਤੀ ਕਹਿੰਦੇ ਹਨ?

ਪ੍ਰਸ਼ਨ 8) ਨੇਪਾਲ ਦੀ ਸੰਸਦ ਦਾ ਕੀ ਨਾਮ ਹੈ?

ਪ੍ਰਸ਼ਨ 9) ਭਾਰਤ ਦੀ ਪਹਿਲੀ ਮਹਿਲਾ ਰਾਜਦੂਤ ਕੌਣ ਸੀ?

ਪ੍ਰਸ਼ਨ 10) ਅਭਿਮਨਿਊ ਦੇ ਪੁੱਤਰ ਦਾ ਕੀ ਨਾਮ ਸੀ?

ਪ੍ਰਸ਼ਨ 11) ਕਿਸ ਮਹੀਨੇ ਦੀ 29 ਤਾਰੀਕ ਨੂੰ ਰਾਸ਼ਟਰੀ ਖੇਡ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ?

ਪ੍ਰਸ਼ਨ 12) ਲੈਬਨਾਨ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ 13) ਸ਼ਕੁੰਤਲਾ ਅਤੇ ਦੁਸ਼ਯੰਤ ਦੇ ਕਿਸ ਪੁੱਤਰ ਦੇ ਨਾਂ ਤੇ ਭਾਰਤ ਦੇਸ਼ ਦਾ ਨਾ ਰੱਖਿਆ ਗਿਆ?

ਪ੍ਰਸ਼ਨ 14) ਹਰਿਆਣਾ ਦੇ ਕਿਸ ਸ਼ਹਿਰ ਵਿਚ ਸੰਨ 1526, 1556, ਅਤੇ 1561 ਵਿਚ ਤਿੰਨ ਯੁੱਧ ਲੜੇ ਗਏ?

ਪ੍ਰਸ਼ਨ 15) ਕਿਸ ਭਾਰਤੀ ਰਾਜ ਦੀ ਰਾਜਧਾਨੀ ਗਾਂਧੀ ਨਗਰ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਵਾਹ! ਕਿੱਟੀ ਅਸੀਂ ਸਾਰੇ ਪਹਿਲੀ ਵਾਰ ਇਕੱਠੇ ਪਿੰਡ ਜਾਵਾਂਗੇ ਅਤੇ ਖੂਬ ਮਸਤੀ ਕਰਾਂਗੇ।
ਚਲੋ! ਚਲੋ! ਵਰਨਾ ਦੇਰ ਹੋ ਜਾਏਗੀ।
ਨਾਨੀ ਜੀ! ਅਸੀਂ ਆ ਗਏ। ਨਾਨੀ ਜੀ ਕੀ ਅਸੀਂ ਸਾਰੇ ਅੰਬਾਂ ਦੇ ਬਾਗ ਵਿਚ ਘੁੰਮਣ ਜਾਈਏ?
ਕਿਉਂ ਨਹੀ ਬੇਟਾ? ਜਾਉ ਘੁੰਮ ਕੇ ਆਉ।


ਅਗਰ ਮੈਂ ਇਹ ਅੰਬ ਆਪਣੇ ਦੋਸਤਾਂ ਨੂੰ ਦੇ ਦੇਵਾਂਗੀ ਤਾਂ ਇਹ ਘੱਟ ਜਾਣਗੇ ।
ਵਾਹ, ਐਨੇ ਸਾਰੇ ਅੰਬ।
ਵਾਹ! ਇਹ ਸਾਰੇ ਅੰਬ ਤਾਂ ਮੈਂ ਇੱਕਲੀ ਹੀ ਖਾਵਾਂਗੀ।
ਕਿੱਟੀ ਕਿੰਨੀ ਖਰਾਬ ਹੈ। ਸਾਨੂੰ ਕੁਝ ਵੀ ਨਹੀਂ ਦੇ ਰਹੀ ਖਾਣ ਨੂੰ।
ਕਿੱਟੀ, ਅਸੀਂ ਜਾ ਰਹੇ ਹਾਂ।
ਹਾਂ! ਹਾਂ! ਜਾਉ ਮੈਂ ਆਪਣੇ ਆਪ ਘਰ ਆ ਜਾਵਾਂਗੀ।


ਧੜਾਮ !!! ..
ਬਚਾਉ! ਬਚਾਉ!!
ਅਰੇ! ਕਿੱਟੀ ਤੂੰ ਡਿੱਗ ਕਿਵੇਂ ਗਈ?
ਚਲੋ ਅਸੀ ਤੈਨੂੰ ਘਰ ਲੈ ਕੇ ਚਲਦੇ ਹਾਂ।
ਆਂਟੀ! ਆਂਟੀ! ਕਿੱਟੀ ਡਿੱਗ ਗਈ।
ਸੌਰੀ ਦੋਸਤੋ। ਆਉ ਹੁਣ ਅਸੀਂ ਸਾਰੇ ਮਿਲ ਕੇ ਅੰਬ ਖਾਂਦੇ ਹਾਂ।
ਸੌਰੀ ਮੰਮੀ ਮੈਂ ਇਹਨਾਂ ਨੂੰ ਅੰਬ ਨਹੀ ਦਿਤੇ ਅਤੇ ਐਨਾ ਬੁਰਾ ਬਰਤਾਵ ਕੀਤਾ। ਇਹਨਾਂ ਨੇ ਫਿਰ ਵੀ ਮੇਰੀ ਮਦਦ ਕੀਤੀ। ਅਗੇ ਤੋਂ ਮੈਂ ਅਜਿਹਾ ਨਹੀ ਕਰਾਂਗੀ। ਹਰ ਇਕ ਚੀਜ਼ ਵੰਡ ਕੇ ਖਾਵਾਂਗੀ।



ਬਾਲ ਕਹਾਣੀ : ਸੀਤਾਰਾਮ ਗੁਪਤਾ


# ਯੋਗਦਾਨ

ਇਕ ਵਾਰ ਇਕ ਜੰਗਲ ਵਿੱਚ ਭਿਅੰਕਰ ਅੱਗ ਲੱਗ ਗਈ। ਸਾਰੇ ਅੱਗ ਬੁਝਾਉਣ ਵਿੱਚ ਜੁਟ ਗਏ। ਜਿਸ ਦੇ ਹੱਥ ਵਿੱਚ ਜੋ ਵੀ ਬਰਤਨ ਆਇਆ ਪਾਣੀ ਨਾਲ ਭਰ ਭਰ ਕੇ ਅੱਗ ਤੇ ਪਾਉਣ ਲੱਗਾ। ਉਥੇ ਜੰਗਲ ਵਿੱਚ ਚਿੰਟੀ ਨਾਮ ਦੀ ਇਕ ਛੋਟੀ ਜਿਹੀ ਚਿੜੀ ਵੀ ਰਹਿੰਦੀ ਸੀ। ਸਾਰਿਆਂ ਨੂੰ ਅੱਗ ਬੁਝਾਉਣ ਵਿੱਚ ਜੁੱਟੇ ਵੇਖ ਕੇ ਨੰਨੀ ਚਿੜੀ ਤੋਂ ਵੀ ਰਿਹਾ ਨਹੀਂ ਗਿਆ। ਚਿੰਟੀ ਵੀ ਆਪਣੀ ਛੋਟੀ ਜਿਹੀ ਚੁੰਝ ਵਿੱਚ ਪਾਣੀ ਭਰ ਕੇ ਅੱਗ ਤੇ ਪਾਉਣ ਲੱਗੀ। ਅੱਗ ਦੀਆਂ ਭਿਆਨਕ ਲਪਟਾਂ ਦੇ ਕਾਰਣ ਚਿੰਟੀ ਦਾ ਬੁਰਾ ਹਾਲ ਹੋ ਗਿਆ ਲੇਕਿਨ ਉਸ ਨੇ ਆਪਣੀ ਕੋਸ਼ਿਸ਼ ਜਾਰੀ ਰੱਖੀ।

ਝੱਪੂ ਨਾਮਕ ਇਕ ਕਾਂ ਦੂਰ ਇਕ ਰੁੱਖ ਦੀ ਟਹਿਣੀ ਤੇ ਬੈਠਾ ਇਹ ਤਮਾਸ਼ਾ ਵੇਖ ਰਿਹਾ ਸੀ। ਚਿੰਟੀ ਦੇ ਕੋਲ ਆਇਆ ਅਤੇ ਬੋਲਿਆ- ਛੋਟੀ ਚਿੜੀ, ਕੀ ਤੂੰ ਸਮਝਦੀ ਹੈ ਕਿ ਤੇਰੀ ਛੋਟੀ ਜਿਹੀ ਚੁੰਝ ਦਾ ਬੂੰਦ ਭਰ ਪਾਣੀ ਇਸ ਭਿਅੰਕਰ ਅੱਗ ਨੂੰ ਬੁਝਾਉਣ ਵਿੱਚ ਕੋਈ ਸਹਾਇਤਾ ਕਰ ਸਕੇਗਾ?

ਚਿੰਟੀ ਨੇ ਚੁੰਝ ਦਾ ਪਾਣੀ ਅੱਗ ਤੇ ਪਾਉਂਦੇ ਹੋਏ ਜਵਾਬ ਦਿੱਤਾ- ਇਹ ਤਾਂ ਮੈਂ ਨਹੀਂ ਜਾਣਦੀ ਪਰ ਇਕ ਗੱਲ ਜਰੂਰ ਜਾਣਦੀ ਹਾਂ ਕਿ ਜਦ ਵੀ ਅੱਗ ਦੇ ਬਾਰੇ ਵਿਚ ਗੱਲਾਂ ਹੋਣਗੀਆਂ ਮੇਰਾ ਨਾਮ ਅੱਗ ਲਗਾਉਣ ਵਾਲਿਆਂ ਜਾਂ ਤਮਾਸ਼ਾ ਵੇਖਣ ਵਾਲਿਆਂ ਵਿੱਚ ਨਹੀਂ ਬਲਕਿ ਅੱਗ ਬੁਝਾਉਣ ਵਾਲਿਆਂ ਵਿੱਚ ਲਿਆ ਜਾਏਗਾ। ਲੋਕਾਂ ਨੂੰ ਇਸ ਤੋਂ ਪ੍ਰੇਰਣਾ ਮਿਲੇਗੀ ਅਤੇ ਸੰਕਟ ਦੇ ਸਮੇਂ ਜਾਂ ਲੋਕ ਹਿੱਤ ਦੇ ਕਾਰਜਾਂ ਵਿੱਚ ਉਹ ਆਪਣੀ ਸ਼ਕਤੀ ਅਨੁਸਾਰ ਯੋਗਦਾਨ ਦੇਣ ਤੋਂ ਕਦੇ ਪਿੱਛੇ ਨਹੀਂ ਹੱਟਣਗੇ।

ਝੱਪੂ ਛੋਟਾ ਜਿਹਾ ਮੂੰਹ ਬਣਾ ਕੇ ਰਹਿ ਗਿਆ। ਜੰਗਲ ਵਿੱਚ ਲੱਗੀ ਅੱਗ ਸ਼ਾਂਤ ਹੋਣ ਦੇ ਬਾਦ ਉਥੇ ਇਕ ਸਭਾ ਦਾ ਆਯੋਜਨ ਕੀਤਾ ਗਿਆ। ਸਭਾ ਵਿੱਚ



ਭਵਿੱਖ ਵਿਚ ਅੱਗ ਤੋਂ ਬਚਣ ਦੇ ਉਪਾਵਾਂ ਤੇ ਚਰਚਾ ਕੀਤੀ ਗਈ ਅਤੇ ਨਾਲ ਹੀ ਉਹਨਾਂ ਸਾਰਿਆਂ ਦੀ ਪ੍ਰਸੰਸਾ ਵੀ ਕੀਤੀ ਗਈ ਜਿਨ੍ਹਾਂ ਨੇ ਅੱਗ ਬੁਝਾਉਣ ਵਿੱਚ ਆਪਣਾ ਮਹੱਤਵਪੂਰਣ ਯੋਗਦਾਨ ਦਿੱਤਾ ਸੀ। ਸਭਾ ਵਿਚ ਚਿੰਟੀ ਦੀ ਵੀ ਖੂਬ ਪ੍ਰਸੰਸਾ ਕੀਤੀ ਗਈ ਅਤੇ ਉਸ ਦੇ ਯੋਗਦਾਨ ਨੂੰ ਸਭ ਤੋਂ ਜ਼ਿਆਦਾ ਮਹੱਤਵਪੂਰਣ ਦੱਸਿਆ ਗਿਆ ਕਿਉਂਕਿ ਛੋਟੀ ਚਿੰਟੀ ਆਪਣੇ ਜੀਵਨ ਦੀ ਪਰਵਾਹ ਨਾ ਕਰਦੇ ਹੋਏ ਅੱਗ ਬੁਝਾਉਣ ਵਿੱਚ ਲੱਗੀ ਰਹੀ। ਕਿਥੇ ਜੰਗਲ ਦੀ ਭਿਅੰਕਰ ਅੱਗ ਅਤੇ ਕਿਥੇ ਛੋਟੀ ਜਿਹੀ ਇਕ ਚਿੜੀ? ਚਿੰਟੀ ਦੀ ਪ੍ਰਸੰਸਾ ਕਰਨ ਦੇ ਨਾਲ-ਨਾਲ ਉਹਨੂੰ ਫੁੱਲਾਂ ਦਾ ਇਕ ਗੁਲਦਸਤਾ ਵੀ ਭੇਟ ਕੀਤਾ ਗਿਆ। ਹੁਣ ਤਾਂ ਝੁੱਪੂ ਦੀ ਸਮਝ ਵਿੱਚ ਵੀ ਇਹ ਗੱਲ ਆ ਗਈ ਕਿ ਕੋਈ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ।

ਅਸਲ ਵਿੱਚ ਕੰਮ, ਉਹ ਵੀ ਲੋਕ ਹਿਤ ਦਾ ਕੰਮ, ਛੋਟਾ ਜਾਂ ਵੱਡਾ ਨਹੀਂ ਹੁੰਦਾ ਬਲਕਿ ਕੰਮ ਕਰਨ ਦਾ ਮੰਤਵ ਮਹਾਨ ਹੋਵੇ, ਭਾਵਨਾ ਪਵਿੱਤਰ ਹੋਵੇ ਅਤੇ ਦ੍ਰਿਸ਼ਟੀਕੋਣ ਸਕਾਰਾਤਮਕ ਹੋਵੇ ਤਾਂ ਹਰ ਛੋਟਾ ਕਾਰਜ ਵੀ ਮਹਾਨ ਹੋ ਜਾਂਦਾ ਹੈ। ਝੁੱਪੂ ਨੇ ਫੈਸਲਾ ਕੀਤਾ ਕਿ ਉਹ ਵੀ ਦੂਸਰਿਆਂ ਦੇ ਕੰਮ ਵਿੱਚ ਤਰੁੱਟੀਆਂ ਕੱਢਣ ਦੀ ਬਜਾਏ ਖੁਦ ਵੀ ਸਾਰਿਆਂ ਦੀ ਮਦਦ ਕਰਿਆ ਕਰੇਗਾ।

ਝੁੱਪੂ ਉਡ ਕੇ ਇਕ ਬਗੀਚੇ ਵਿਚ ਗਿਆ ਅਤੇ ਉਥੋਂ ਸੁੰਦਰ ਜਿਹਾ ਇਕ ਫੁੱਲ ਤੋੜ ਕੇ ਲਿਆਇਆ। ਉਸ ਨੇ ਉਹ ਫੁੱਲ ਚਿੰਟੀ ਨੂੰ ਦਿੱਤਾ ਅਤੇ ਉਸ ਦੀ ਖੂਬ ਪ੍ਰਸੰਸਾ ਵੀ ਕੀਤੀ। ਚਿੰਟੀ ਨੇ ਵੀ ਕਿਹਾ - ਝੁੱਪੂ ਤੂੰ ਕਿੰਨਾ ਚੰਗਾ ਹੈ। ਆਉ ਅੱਜ ਤੋਂ ਅਸੀਂ ਇਕ-ਦੂਸਰੇ ਦੇ ਦੋਸਤ ਬਣ ਜਾਈਏ।

ਉਸ ਦਿਨ ਦੇ ਬਾਦ ਝੁੱਪੂ ਸਚਮੁਚ ਚੰਗਾ ਬਣ ਗਿਆ। ਉਹ ਸਾਰਿਆਂ ਦੀ ਖੂਬ ਮਦਦ ਕਰਦਾ। ਸਾਰੇ ਜੰਗਲ ਵਿੱਚ ਚਿੰਟੀ ਦੇ ਨਾਲ-ਨਾਲ ਝੁੱਪੂ ਦੀ ਵੀ ਪ੍ਰਸੰਸਾ ਹੋਣ ਲੱਗੀ। ■



ਬਾਲ ਕਵਿਤਾਵਾਂ : ਨਿਰਲੇਪ ਕੌਰ

# ਕੰਜਕਾਂ

ਕੰਜਕਾਂ ਲੋਕੀਂ ਘਰੇ ਬੁਲਾਉਂਦੇ,
ਉਨ੍ਹਾਂ ਨੂੰ ਦੇਵੀਆਂ ਵਾਂਗ ਸਜਾਉਂਦੇ।

ਦੇਵੀਆਂ ਵਾਂਗੂ ਪੂਜਾ ਕਰਦੇ,
ਕੰਜਕਾਂ ਜੰਮਣ ਤੋਂ ਕਿਉਂ ਡਰਦੇ?

ਇੰਨਾਂ ਦਾ ਸਤਿਕਾਰ ਵੀ ਕਰਦੇ,
ਹੇਠੀ ਕਰਨ ਤੋਂ ਫਿਰ ਨਹੀਂ ਡਰਦੇ।

ਹੋਰਾਂ ਦੇ ਲੋਕੀਂ ਕਿੱਸੇ ਖੋਲ੍ਹ ਧਰਦੇ,
ਆਪਣੀਆਂ ਜੰਮਣ ਤੋਂ ਕਿਉਂ ਡਰਦੇ?





# ਧੀਆਂ

ਕਿਸ ਜੰਮੀਆਂ ਤੇ ਕਿਸ ਲੈ ਜਾਣੀਆਂ,
ਦਸਤੂਰ ਜੱਗ ਦਾ ਅਖਵਾਈਆਂ ਧੀਆਂ।
ਹਰ ਪਲ ਘਰ ਦਾ ਸੁੱਖ ਮੰਗਣ,
ਫਿਰ ਵੀ ਰਹਿਣ ਪਰਾਈਆਂ ਧੀਆਂ।


ਕੁੱਖਾਂ ਦੇ ਵਿਚ ਕਬਰ ਬਣਾ ਕੇ,
ਲੋਕਾਂ ਨੇ ਦਫਨਾਈਆਂ ਧੀਆਂ।
ਦੁੱਖ, ਮੁਸੀਬਤਾਂ, ਖੁਸ਼ੀ ਮਨਾ ਕੇ,
ਕਿਉਂ ਪੁੱਤਾਂ ਦੀ ਥਾਂ ਤੇ ਨਾ ਆਈਆਂ ਧੀਆਂ?

# ਕੀ ਤੁਸੀਂ ਜਾਣਦੇ ਹੋ



* ਗਿੱਦ ਲਗਭਗ 100 ਕਿਲੋਮੀਟਰ ਤਕ ਦੀ ਦੂਰੀ ਬਿਨਾ ਖੰਭ ਫੜਫੜਾਏ ਹੀ ਪਾਰ ਕਰ ਸਕਦੇ ਹਨ।
* ਹੰਸ 8230 ਮੀਟਰ ਦੀ ਉਚਾਈ ਤੇ ਵੀ ਉਡ ਸਕਦੇ ਹਨ।
* ਹਮਿੰਗ ਬਰਡ ਪਿੱਛੇ ਦੇ ਪਾਸਿਓਂ ਵੀ ਉਡੱ ਸਕਦਾ ਹੈ।
* ਸਿਰ ਦਾ ਹਰ ਵਾਲ ਇਕ ਸਾਲ ਵਿੱਚ 5 ਇੰਞ ਵਧਦਾ ਹੈ।
* ਘੋਘਾ ਤਿੰਨ ਸਾਲਾਂ ਤਕ ਸੌ ਸਕਦਾ ਹੈ।
* ਅਫਰੀਕਾ ਵਿੱਚ ਇਕ ਹਜਾਰ ਤੋਂ ਵੀ ਜ਼ਿਆਦਾ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।
* ਸਾਡੀ ਪਲਕ ਦਾ ਵਾਲ 150 ਦਿਨਾਂ ਵਿੱਚ ਡਿਗਦਾ ਹੈ ਅਤੇ ਇਸ ਦੀ ਜਗ੍ਹਾ ਦੂਸਰਾ ਵਾਲ ਆਉਂਦਾ ਹੈ।
* ਦੁਨੀਆ ਦਾ ਪਹਿਲਾ ਰੇਫਰਿਜਰੇਟਰ ਯੁਨਾਈਟੇਡ ਸਟੇਟ ਆਫ ਅਮਰੀਕਾ ਵਿਚ 1913 ਵਿਚ ਉਪਯੋਗ ਕੀਤਾ ਗਿਆ।
* ਦੱਖਣੀ ਅਫਰੀਕਾ ਦਾ ਇਕ ਇਲਾਕਾ ਹੈ ਸੁਡੇਲ। ਉਥੋਂ ਦੇ ਲੋਕ ਮਿੱਟੀ ਦੇ ਬਣੇ ਵੱਡੇ-ਵੱਡੇ ਮਟਕਿਆਂ ਵਿੱਚ ਰਹਿੰਦੇ ਹਨ।
* ਆਸਟ੍ਰੇਲੀਆ ਦੀ ਪਿੱਟਾ ਨਾਮਕ ਚਿੜੀ ਦੇ ਖੰਭ ਨੌ ਰੰਗ ਦੇ ਹੁੰਦੇ ਹਨ।
* ਆਸਟ੍ਰੇਲੀਆ ਵਿੱਚ ਕਾਲੇ ਰੰਗ ਦਾ ਹੰਸ ਪਾਇਆ ਜਾਂਦਾ ਹੈ।
* ਹਾਥੀ ਦੀ ਸੁੰਡ ਵਿੱਚ ਇਕ ਵੀ ਹੱਡੀ ਨਹੀਂ ਹੁੰਦੀ ਹੈ।
* ਕਾਕਰੋਚ ਬਿਨਾ ਕੁਝ ਖਾਧੇ-ਪੀਤੇ ਮਹੀਨਿਆਂ ਤਕ ਜਿੰਦਾ ਰਹਿ ਸਕਦੇ ਹਨ।
* ਡ੍ਰੈਗਨਫਲਾਈ ਦਾ ਜ਼ਿਆਦਾਤਰ ਜੀਵਨ ਉਡਦੇ ਹੋਏ ਬੀਤਦਾ ਹੈ। ਉਹਨੂੰ ਕੀਟ ਜਗਤ ਦਾ ਹੈਲੀਕਾਪਟਰ ਕਿਹਾ ਜਾਂਦਾ ਹੈ।
* ਪਹਿਲੀ ਭਾਰਤੀ ਮਹਿਲਾ ਪੁਲਾੜ ਯਾਤਰੀ ਕਲਪਨਾ ਚਾਵਲਾ ਹੈ।
* ਵਿਕਰਮ ਸਾਰਾਭਾਈ ਪੁਲਾੜ ਕੇਂਦਰ ਤ੍ਰਿਵੇਂਦਰਮ ਵਿਚ ਹੈ।
* 1984 ਵਿਚ ਭੋਪਾਲ ਗੈਸ ਤ੍ਰਾਸਦੀ ਮਿਥਾਇਲ ਆਇਸੋਸਾਇਨੇਟ ਦੇ ਰਿਸਾਵ ਨਾਲ ਹੋਈ ਸੀ।
* ਸਵਰਾਜ ਸ਼ਬਦ ਦਾ ਸਭ ਤੋਂ ਪਹਿਲਾਂ ਪ੍ਰਯੋਗ ਮਹਾਰਿਸ਼ੀ ਦਯਾਨੰਦ ਨੇ ਕੀਤਾ।
* ਟੋਡਰਮਲ ਦਾ ਸੰਬੰਧ ਭੂ-ਰਾਜਸਵ ਵਿਵਸਥਾ ਨਾਲ ਸੀ।

ਸੰਗ੍ਰਿਹਕਰਤਾ
❒ ਵਿਭਾ ਵਰਮਾ (ਵਾਰਾਣਸੀ)



ਕਹਾਣੀ : ਸ਼ਿਵਚਰਨ

# ਮਾਨਵ ਦੀ ਕਹਾਣੀ

ਇਕ ਸੀ ਛੋਟਾ ਬਾਂਦਰ। ਬਾਂਦਰ ਦਾ ਨਾਮ ਸੀ ਬੰਟੀ। ਬੰਟੀ ਬੜਾ ਹੀ ਨਟਖਟ ਅਤੇ ਚੰਚਲ ਸੀ। ਇਕ ਜਗ੍ਹਾ ਤੇ ਚੁੱਪ-ਚਾਪ ਬੈਠੇ ਰਹਿਣਾ ਬੰਟੀ ਨੂੰ ਚੰਗਾ ਨਹੀਂ ਲੱਗਦਾ ਸੀ। ਬੰਟੀ ਨੂੰ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਕੁਦਣਾ, ਟੱਪਣਾ ਚੰਗਾ ਲੱਗਦਾ ਸੀ।

ਸਰਦੀ ਦਾ ਮੌਸਮ ਸੀ। ਦੁਪਹਿਰ ਦਾ ਸਮਾਂ ਸੀ। ਬੰਟੀ ਪਿੰਡ ਦੇ ਇਕ ਰੁੱਖ ਤੇ ਬੈਠ ਕੇ ਆਪਣੇ ਸਰੀਰ ਨੂੰ ਖੁਜਲਾ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਰੁੱਖ ਦੀ ਜੜ ਵੱਲ ਪਈ। ਉਹਨੂੰ ਰੁੱਖ ਦੇ ਹੇਠਾਂ ਕੀੜੀਆਂ ਦੀ ਇਕ ਕਤਾਰ ਦਿਖਾਈ ਦਿੱਤੀ। ਉਸ ਨੇ ਗਹੁ ਨਾਲ ਵੇਖਿਆ ਕਿ ਕੀੜੀਆਂ ਬੜੀਆਂ ਹੀ ਅਨੁਸ਼ਾਸ਼ਿਤ ਹੋ ਕੇ ਇਕ ਲਾਇਨ ਵਿੱਚ ਚਲ ਰਹੀਆਂ ਹਨ ਅਤੇ ਹਰੇਕ ਕੀੜੀ ਦੇ ਮੂੰਹ ਵਿੱਚ ਕੁਝ ਦੱਬਿਆ ਹੋਇਆ ਹੈ। ਕੀੜੀਆਂ ਹੌਲੀ-ਹੌਲੀ ਇਕ ਦੂਸਰੀ ਦੇ ਪਿਛੇ ਇਕ ਵਿਸ਼ੇਸ਼ ਦਿਸ਼ਾ ਵਿੱਚ ਹੀ ਜਾ ਰਹੀਆਂ ਸਨ।

ਬੰਟੀ ਕੀੜੀਆਂ ਦਾ ਇਹ ਮਾਜਰਾ ਵੇਖ ਕੇ ਹੈਰਾਨ ਰਹਿ ਗਿਆ। ਆਪਣੀ ਉਤਸੁਕਤਾ ਨੂੰ ਸ਼ਾਂਤ ਕਰਨ ਲਈ ਉਹ ਰੁੱਖ ਤੋਂ ਹੇਠਾਂ ਉਤਰਿਆ ਅਤੇ ਕੀੜੀਆਂ ਦੀ ਲਾਇਨ ਦੇ ਕੋਲ ਜਾ ਪਹੁੰਚਿਆ। ਉਥੇ ਪਹੁੰਚ ਕੇ ਉਸ ਨੇ ਅਗੇ ਵੱਧ ਰਹੀ ਇਕ ਕੀੜੀ ਤੋਂ ਪੁੱਛਿਆ – ਭੈਣ, ਆਪ ਨੇ ਆਪਣੇ ਮੂੰਹ ਵਿਚ ਕੀ ਦਬਾ ਰੱਖਿਆ ਹੈ ਅਤੇ ਕਿਥੇ ਜਾ ਰਹੀ ਹੋ?

ਕੀੜੀ ਲਾਇਨ ਵਿਚੋਂ ਇਕ ਪਾਸੇ ਹਟੀ ਅਤੇ ਸਹਿਜਤਾ ਨਾਲ ਬੋਲੀ – ਬਾਂਦਰ ਭਰਾ, ਸਾਡੇ ਮੂੰਹ ਵਿੱਚ ਖਾਣਾ ਹੈ ਅਤੇ ਅਸੀਂ ਆਪਣੀ ਖੁੱਡ ਵੱਲ ਜਾ ਰਹੀਆਂ ਹਾਂ।

– ਤੁਸੀਂ ਭੋਜਨ ਨੂੰ ਖੁੱਡ ਵਿੱਚ ਕਿਉਂ ਲੈ ਜਾਂਦੀਆਂ ਹੋ?

– ਉਥੇ ਸਾਡੇ ਬੱਚੇ, ਰਾਣੀ ਕੀੜੀ ਅਤੇ ਕਈ ਹੋਰ ਕੀੜੀਆਂ ਰਹਿੰਦੀਆਂ ਹਨ। ਉਹਨਾਂ ਦਾ ਖਾਣਾ ਅਸੀਂ ਹੀ ਲੈ ਕੇ ਜਾਂਦੀਆਂ ਹਾਂ। ਬਾਂਦਰ ਭਰਾ, ਇਸ ਦੇ



ਇਲਾਵਾ ਅਸੀਂ ਬਰਸਾਤ, ਤੂਫਾਨ, ਕੁਦਰਤੀ ਆਫਤਾਂ ਅਤੇ ਹੋਰ ਮੁਸੀਬਤ ਦੇ ਸਮੇਂ ਲਈ ਵੀ ਖੁੱਡ ਵਿੱਚ ਕੁਝ ਭੋਜਨ ਸੁਰੱਖਿਅਤ ਰੱਖਦੀਆਂ ਹਾਂ।

– ਆਪ ਇਕ ਹੀ ਲਾਇਨ ਵਿੱਚ ਬੜੀਆਂ ਅਨੁਸਾਸ਼ਿਤ ਹੋ ਕੇ ਕਿਵੇਂ ਚਲ ਲੈਂਦੀਆਂ ਹੋ?

– ਸਾਡੇ ਸਰੀਰ ਵਿਚੋਂ ਇਕ ਵਿਸ਼ੇਸ਼ ਪ੍ਰਕਾਰ ਦੀ ਗੰਧ ਨਿਕਲਦੀ ਹੈ। ਇਸੇ ਕਾਰਣ ਅਸੀਂ ਇਕ ਹੀ ਲਾਇਨ ਵਿੱਚ ਬੜੀਆਂ ਅਨੁਸਾਸ਼ਿਤ ਹੋ ਕੇ ਚਲਦੀਆਂ ਹਾਂ। – ਐਨਾ ਕਹਿ ਕੇ ਕੀੜੀ ਅਗੇ ਵਧ ਗਈ ਅਤੇ ਬੰਟੀ ਵੀ ਹੁਣ ਦੂਸਰੇ ਰੁੱਖ ਦੀ ਟਹਿਣੀ ਤੇ ਬੈਠ ਕੇ ਸੁਸਤਾਉਣ ਲੱਗਾ।

ਰੁੱਖ ਤੇ ਬੈਠੇ-ਬੈਠੇ ਬੰਟੀ ਦੀ ਨਜ਼ਰ ਇਕ ਗਲਿਹਰੀ ਤੇ ਪਈ। ਬੰਟੀ ਨੇ ਵੇਖਿਆ ਕਿ ਗਲਿਹਰੀ ਦੇ ਮੂੰਹ ਵਿਚ ਇਕ ਮੁੰਗਫਲੀ ਦਾ ਦਾਣਾ ਹੈ ਅਤੇ ਉਹ ਕਿਸੇ ਸਥਾਨ ਵੱਲ ਤੇਜ਼ੀ ਨਾਲ ਵੱਧ ਰਹੀ ਹੈ। ਬੰਟੀ ਰੁੱਖ ਤੋਂ ਹੇਠਾਂ ਉਤਰਿਆ ਅਤੇ ਗਲਿਹਰੀ ਦੇ ਕੋਲ ਜਾ ਪਹੁੰਚਿਆ। ਉਸ ਨੇ ਗਲਿਹਰੀ ਨੂੰ ਰੋਕਿਆ ਅਤੇ ਪੁੱਛਿਆ – ਦੀਦੀ, ਆਪ ਆਪਣੇ ਮੂੰਹ ਵਿੱਚ ਇਹ ਦਾਣਾ ਦਬਾ ਕੇ ਕਿਥੇ ਜਾ ਰਹੀ ਹੋ?

– ਮੈਂ ਇਹ ਦਾਣਾ ਲੈ ਕੇ ਆਪਣੇ ਕੋਟਰ ਵਿੱਚ ਜਾ ਰਹੀ ਹਾਂ।

–ਕਿਉਂ? – ਬੰਟੀ ਨੇ ਹੈਰਾਨੀ ਨਾਲ ਅਗਲਾ ਪ੍ਰਸ਼ਨ ਕੀਤਾ।

– ਕੋਟਰ ਵਿੱਚ ਮੇਰੇ ਪਿਆਰੇ-ਪਿਆਰੇ ਛੋਟੇ-ਛੋਟੇ ਬੱਚੇ ਹਨ। ਉਹਨਾਂ ਨੂੰ ਖੁਵਾਉਣ ਲਈ ਮੈਂ ਮੁੰਗਫਲੀ ਦੇ ਦਾਣੇ ਨੂੰ ਕੋਟਰ ਵਿੱਚ ਇੱਕਠਾ ਕਰਦੀ ਹਾਂ। ਇਸ ਦੇ ਇਲਾਵਾ ਮੁਸੀਬਤ ਦੇ ਸਮੇਂ ਜਿਵੇਂ ਬਰਸਾਤ ਆਉਣਾ, ਬੀਮਾਰੀ ਹੋਣ ਦੇ ਕਾਰਣ ਜਦ ਮੈਂ ਬਾਹਰ ਨਹੀਂ ਜਾ ਸਕਦੀ, ਉਸ ਸਮੇਂ ਲਈ ਮੈਂ ਖਾਣੇ ਦੀਆਂ ਚੀਜ਼ਾਂ ਅਤੇ ਹੋਰ ਵਸਤੂਆਂ ਆਪਣੇ ਕੋਟਰ ਵਿੱਚ ਇੱਕਠੀਆਂ ਕਰਕੇ ਰੱਖਦੀ ਹਾਂ।



ਵਿੱਚ ਇੱਕਠਾ ਕਰਦੀ ਹਾਂ ਅਤੇ ਮਧੂ (ਸ਼ਹਿਦ) ਬਣਾਉਂਦੀ ਹਾਂ।

– ਆਪ ਕੀੜੀ, ਗਲਿਹਰੀ ਦੀ ਤਰ੍ਹਾਂ ਭੋਜਨ ਦਾ ਸੰਗ੍ਰਹਿ ਕਰਦੀ ਹੋ

– ਹਾਂ ਤੂੰ ਠੀਕ ਹੀ ਕਿਹਾ। ਮੈਂ ਵੀ ਕੀੜੀ, ਗਲਿਹਰੀ ਆਦਿ ਕੁਝ ਪ੍ਰਾਣੀਆਂ ਦੀ ਤਰ੍ਹਾਂ ਭੋਜਨ ਇਕੱਠਾ ਕਰਕੇ ਰੱਖਦੀ ਹਾਂ ਤਾਂਕਿ ਮੁਸੀਬਤ ਦੇ ਸਮੇਂ ਬੱਚਿਆਂ ਅਤੇ ਮੈਨੂੰ ਭੁੱਖ ਸਹਿਣ ਨਾ ਕਰਨੀ ਪਵੇ।

– ਮਧੂ ਭੈਣ ਐਨਾ ਕਹਿ ਕੇ ਬੰਟੀ ਨੂੰ ਸ਼ਹਿਦ ਖਾਣ ਦਾ ਸੱਦਾ ਦੇ ਕੇ ਆਪਣੇ ਮੱਧੂ ਛੱਤੇ ਵੱਲ ਚਲੀ ਗਈ। ਬੰਟੀ ਵੇਖਦਾ ਹੀ ਰਹਿ ਗਿਆ।

ਬੰਟੀ ਕੋਈ ਦੂਸਰਾ ਪ੍ਰਸ਼ਨ ਪੁੱਛਦਾ ਇਸ ਤੋਂ ਪਹਿਲਾਂ ਹੀ ਗਲਿਹਰੀ ਆਪਣੇ ਕੋਟਰ ਵੱਲ ਵਧ ਗਈ ਅਤੇ ਬੰਟੀ ਮੂੰਹ ਲਟਕਾ ਕੇ ਫਿਰ ਰੁੱਖ ਦੀ ਟਹਿਣੀ ਤੇ ਜਾ ਕੇ ਬੈਠ ਗਿਆ।

ਟਹਿਣੀ ਤੇ ਬੈਠੇ-ਬੈਠੇ ਬੰਟੀ ਦੀ ਨਜ਼ਰ ਸਾਹਮਣੇ ਫੁੱਲਾਂ ਨਾਲ ਲੱਦੇ ਪੌਦੇ ਤੇ ਜਾ ਠਹਿਰੀ। ਉਸ ਨੇ ਫੁੱਲਾਂ ਤੇ ਮੰਡਰਾਉਂਦੀ ਹੋਈ ਮਧੂਮੱਖੀ ਵੇਖੀ। ਉਹ ਤੁਰੰਤ ਪੌਦੇ ਦੇ ਨੇੜੇ ਪਹੁੰਚਿਆ ਅਤੇ ਬੋਲਿਆ – ਮਧੂਮੱਖੀ ਭੈਣ। ਆਪ ਇਹਨਾਂ ਫੁੱਲਾਂ ਤੇ ਬਾਰ-ਬਾਰ ਕਿਉਂ ਬੈਠ ਰਹੀ ਹੋ? ਆਪ ਬਾਰ-ਬਾਰ ਇਹਨਾਂ ਨੂੰ ਸੁੰਘ ਕੇ ਉਡ ਕੇ ਕਿਥੇ ਜਾਂਦੀ ਹੋ? ਇਸ ਤਰ੍ਹਾਂ ਆਪ ਇਹਨਾਂ ਫੁੱਲਾਂ ਨੂੰ ਕਿਉਂ ਬਰਬਾਦ ਕਰ ਰਹੀ ਹੋ?

– ਫੁੱਲਾਂ ਨੂੰ ਨੁਕਸਾਨ ਪਹੁੰਚਾਏ ਬਿਨਾ ਮੈਂ ਇਹਨਾਂ ਵਿਚੋਂ ਮਿੱਠਾ ਰਸ ਚੂਸਦੀ ਹਾਂ ਜਿਸ ਨੂੰ ਮੈਂ ਆਪਣੇ ਛੱਤੇ

ਸ਼ਾਮ ਹੋਈ। ਬੰਟੀ ਆਪਣੀ ਮਾਂ ਕੋਲ ਆਇਆ। ਮਾਂ ਰੁੱਖ ਦੀ ਇਕ ਟਹਿਣੀ ਤੇ ਬੈਠੀ ਸੁਸਤਾ ਰਹੀ ਸੀ। ਮਾਂ ਨੇ ਬੰਟੀ ਨਾਲ ਕੁਝ ਗੱਲਾਂ ਕੀਤੀਆਂ ਤਾਂ ਬੰਟੀ ਨੇ ਮਾਂ ਨੂੰ ਪ੍ਰਸ਼ਨ ਕੀਤਾ – ਮਾਂ ਕੀੜੀ ਵਰਗੇ ਛੋਟੇ ਪ੍ਰਾਣੀਆਂ ਦਾ ਵੀ ਘਰ ਹੁੰਦਾ ਹੈ ਜਿਸ ਨੂੰ ਖੁੱਡ ਕਹਿੰਦੇ ਹਨ। ਇਸੇ ਤਰ੍ਹਾਂ ਗਲਿਹਰੀ ਆਦਿ ਦਾ ਵੀ ਕੋਟਰ ਹੁੰਦਾ ਹੈ। ਪਰ ਸਾਡੇ ਲੋਕਾਂ ਦਾ ਚੀਜ਼ਾਂ ਇੱਕਠੀਆਂ ਕਰਨ, ਬੁਰੇ ਸਮੇਂ ਤੋਂ ਬਚਣ ਲਈ ਘਰ ਕਿਉਂ ਨਹੀਂ ਹੁੰਦਾ ਹੈ?

ਬੰਟੀ ਦੀ ਗੱਲ ਸੁਣ ਕੇ ਮਾਂ ਨੇ ਹੱਸਦੇ ਹੋਏ ਕਿਹਾ – ਘਰ! ਇੱਕਠਾ ਕਰਨ, ਐਮਰਜੈਂਸੀ ਲਈ ਘਰ। ਸਾਡੇ ਲਈ ਬਸ ਰੁੱਖਾਂ ਦੀਆਂ ਟਹਿਣੀਆਂ ਹੀ ਘਰ ਹਨ। ਅਸੀਂ ਤਾਂ ਇਸੇ ਤੇ ਰਹਿੰਦੇ ਆਏ ਹਾਂ ਅਤੇ ਰਹਾਂਗੇ। ਪਰ ਮੈਂ ਸੁਣਿਆ ਹੈ ਜਿਸ ਬਾਂਦਰ ਪ੍ਰਜਾਤੀ ਨੇ ਪੰਛੀਆਂ, ਕੀਟ ਪਤੰਗਿਆਂ ਦੀ ਤਰ੍ਹਾਂ ਘਰ ਬਣਾਉਣਾ ਸਿਖ ਲਿਆ ਉਹ ਮਾਨਵ ਬਣ ਗਏ। – ਐਨਾ ਕਹਿ ਕੇ ਮਾਂ ਭੁੜਕ ਕੇ ਦੂਸਰੀ ਟਹਿਣੀ ਤੇ ਜਾ ਬੈਠੀ। ■

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ

1) ਸੱਤ 2) ਮਹਾਂਭਾਰਤ 3) ਕੁਵੈਤ 4) ਸੰਸਕ੍ਰਿਤ
5) ਭਾਰਤ 6) ਸਮੁੰਦਰ ਗੁਪਤ 7) ਤਿਬਤ
8) ਰਾਸ਼ਟਰੀ ਪੰਚਾਇਤ 9) ਵਿਜੈਲਕਸ਼ਮੀ ਪੰਡਿਤ
10) ਪ੍ਰੀਕਿਸ਼ਤ 11) ਅਗਸਤ 12) ਬੈਰੂਤ
13) ਭਰਤ 14) ਪਾਨੀਪਤ 15) ਗੁਜਰਾਤ



❐ ਅਮਨਪ੍ਰੀਤ ਸਿੰਘ




ਨਿੱਕਾ ਜਿਹਾ ਸਰੀਰ ਹੈ,
ਪਰ ਕੰਮ ਉਸਦਾ ਤੇਜ ਹੈ।
ਕੰਮ ਤੋਂ ਨਾ ਕਦੇ ਜੀਅ ਚੁਰਾਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।

ਦੇਖੀਏ ਜਦ ਵੀ ਧਰਤੀ ਵੱਲ ਨੂੰ,
ਸਾਨੂੰ ਨਜ਼ਰ ਉਹ ਆਉਂਦੀ ਹੈ।
ਨਿੱਕਾ ਜਿਹਾ ਟੁੱਕੜਾ ਭੋਜਨ ਦਾ,
ਮੂੰਹ ਵਿੱਚ ਲੈ ਕੇ ਜਾਂਦੀ ਹੈ।
ਰੁਕਣ ਤੋਂ ਵੀ ਕਿਸੇ ਥਾਂ ਤੇ ਉਹ ਕਤਰਾਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।



ਜਦ ਕਦੇ ਗਲਤੀ ਨਾਲ ਉਹ,
ਸਾਡੇ ਸਰੀਰ ਤੇ ਚੜ ਜਾਂਦੀ ਹੈ।
ਸ਼ਾਇਦ ਭੁੱਖ ਕਾਰਨ ਹੀ,
ਉਹ ਸਾਨੂੰ ਕੱਟ ਲੈਂਦੀ ਹੈ।
ਕਦੇ-ਕਦਾਈ ਲੰਬੀ ਲਾਈਨ ਵਿੱਚ
ਤੁਰਦੀ ਨਜ਼ਰ ਆਉਂਦੀ ਹੈ,
ਬੁੱਝੋ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।

ਨਿਰੰਕਾਰ ਦੇ ਵੀ ਰੰਗ ਨਿਆਰੇ,
ਇਹੋ ਜਿਹੇ ਨਿੱਕੇ ਜੀਵ ਬਣਾਏ ਕਈ ਸਾਰੇ।
ਉਹ ਜ਼ਿੰਦਗੀ ਜਿਊਣਾ ਸਾਨੂੰ ਸਿਖਾਵੇ,
ਜਦ ਧਰਤੀ ਤੋਂ ਪਹਾੜ ਤੇ ਚੜ੍ਹ ਜਾਵੇ।
ਨਾ ਕਦੇ ਉਹ ਕਿਸੇ ਨੂੰ ਡਰਾਉਂਦੀ ਹੈ,
ਕੀੜੀ ਹੈ ਬੱਚਿਓ ਉਸਦਾ ਨਾਮ,
ਜੋ ਸਾਨੂੰ ਮਿਹਨਤ ਕਰਨਾ ਸਿਖਾਉਂਦੀ ਹੈ।



ਕੇ. ਜੇ. : ਐਡਵੋਕੇਟ

# ਕਬਜ਼ ਦੀ ਰਾਮਬਾਣ ਦਵਾਈ : ਇਸਬਗੋਲ

ਸਾਡੀ ਪੁਰਾਤਨ ਇਲਾਜ ਵਿਧੀ ਕੁਦਰਤੀ ਪਦਾਰਥਾਂ ਅਤੇ ਜੜੀ-ਬੂਟੀਆਂ ਤੇ ਅਧਾਰਿਤ ਸੀ। ਆਯੁਰਵੈਦਿਕ ਇਲਾਜ ਦੀ ਵਿਧੀ ਵਿਚ ਸਧਾਰਨ-ਜਟਿਲ ਰੋਗਾਂ ਦਾ ਇਲਾਜ ਕੁਦਰਤੀ ਵਨਸਪਤੀ ਦੇ ਮਾਧਿਅਮ ਨਾਲ ਸਫਲਤਾਪੂਰਵਕ ਕੀਤਾ ਜਾਂਦਾ ਸੀ। ਸਮੇਂ ਦੀ ਧੁੰਦ ਦੇ ਨਾਲ ਅਸੀਂ ਕਈ ਕੁਦਰਤੀ ਦਵਾਈਆਂ ਨੂੰ ਭੁਲਾ ਬੈਠੇ ਹਾਂ। 'ਇਸਬਗੋਲ' ਵਰਗੀ ਚਮਤਕਾਰੀ ਕੁਦਰਤੀ ਦਵਾਈ ਵੀ ਉਹਨਾਂ ਵਿਚੋਂ ਇਕ ਹੈ। ਸਾਡੇ ਵੈਦਿਕ ਸਾਹਿਤ ਅਤੇ ਪ੍ਰਾਚੀਨ ਆਯੁਰਵੈਦਿਕ ਗ੍ਰੰਥਾਂ ਵਿੱਚ ਇਸਦਾ 'ਵਰਨਣ ਮਿਲਦਾ ਹੈ। ਸੰਸਕ੍ਰਿਤ ਸਾਹਿਤ ਵਿੱਚ ਇਹਨੂੰ 'ਸਨਿਘਬੀਜਮ' ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ।

ਜਾਣਕਾਰੀ ਅਤੇ ਗਿਆਨ ਦੀ ਘਾਟ ਕਾਰਣ ਹੌਲੀ-ਹੌਲੀ ਸਾਡੇ ਦੇਸ਼ ਵਿੱਚ ਇਲਾਜ ਵਿਧੀ ਦੇ ਤਹਿਤ ਇਸਬਗੋਲ ਦਾ ਇਸਤੇਮਾਲ ਘੱਟ ਹੁੰਦਾ ਗਿਆ। ਬਾਦ ਵਿਚ ਸਾਡੇ ਮੁਲਕ ਵਿੱਚ ਮੁਸਲਮਾਨਾਂ ਦੇ ਆਗਮਨ ਦੇ ਨਾਲ ਹੀ ਇਸਬਗੋਲ ਦਾ ਫਿਰ ਪ੍ਰਵੇਸ਼ ਹੋਇਆ। ਦੁਨੀਆਂ ਦੀ ਹਰ ਪ੍ਰਕਾਰ ਦੀ ਇਲਾਜ ਵਿਧੀ ਵਿਚ ਇਸਬਗੋਲ ਦੇ ਪ੍ਰਮਾਣ ਮਿਲਦੇ ਹਨ। ਦਸਵੀਂ ਸਦੀ ਵਿੱਚ ਫਾਰਸ ਦੇ ਮਸ਼ਹੂਰ ਹਕੀਮ ਅਲਹੇਰਵੀ ਅਤੇ ਅਰਬੀ ਹਕੀਮ ਅਵਿਸੇਨਾ ਨੇ ਇਸਬਗੋਲ ਦੁਆਰਾ ਮੈਡੀਕਲ ਦੇ ਸੰਬੰਧ ਵਿੱਚ ਵਿਆਪਕ ਪ੍ਰਯੋਗ ਕੀਤੇ। 'ਇਸਬਗੋਲ' ਫਾਰਸੀ ਸ਼ਬਦ ਹੈ ਜਿਸ ਦਾ ਸ਼ਬਦੀ ਅਰਥ ਹੁੰਦਾ ਹੈ 'ਪੇਟ ਨੂੰ ਠੰਡਾ ਕਰਨ ਵਾਲਾ ਪਦਾਰਥ' ਅਤੇ ਗੁਜਰਾਤੀ ਵਿੱਚ 'ਉਠਨੁੰਜੀਰੂ' ਕਿਹਾ ਜਾਂਦਾ ਹੈ। ਇਸ ਦਾ ਬਨਸਪਤੀ ਸ਼ਾਸ਼ਤਰੀ ਨਾਮ 'ਪਲੇਟੇਗਾ ਇੰਡੀਕਾ' ਅਤੇ ਇਹ 'ਪਲੇਟੋ ਜਿਨੇਲੀ' ਸਮੂਹ ਦਾ ਪੌਦਾ ਹੈ।

ਇਸਬਗੋਲ ਪੱਛਮ ਏਸ਼ਿਆਈ ਮੂਲ ਦਾ ਪੌਦਾ ਹੈ। ਇਹ ਤਨਾ ਰਹਿਤ ਇਕ ਝਾੜੀਨੁਮਾ ਪੌਦਾ ਹੈ ਜਿਸ ਦੀ ਜ਼ਿਆਦਾਤਰ ਉਚਾਈ ਢਾਈ ਤੋਂ ਤਿੰਨ ਫੁੱਟ ਤਕ ਹੁੰਦੀ ਹੈ। ਇਸ ਦੇ ਪੱਤੇ ਮਹੀਨ ਹੁੰਦੇ ਹਨ ਅਤੇ ਇਸ ਦੀਆਂ ਟਹਿਣੀਆਂ ਦੇ ਸਿਰੇ ਤੇ ਕਣਕ ਦੀ ਤਰ੍ਹਾਂ ਸਿੱਟੇ ਲੱਗਦੇ ਹਨ ਅਤੇ ਫੁੱਲ ਆਉਂਦੇ ਹਨ। ਫੁੱਲਾਂ ਵਿੱਚ ਕਿਸ਼ਤੀ ਦੇ ਆਕਾਰ ਦੇ ਬੀਜ਼ ਹੁੰਦੇ ਹਨ। ਇਸ ਦੇ ਬੀਜਾਂ ਤੇ ਸਫੈਦ ਅਤੇ ਪਤਲੀ ਝਿਲੀ ਹੀ ਦਰਅਸਲ ਇਸਬਗੋਲ ਦੀ ਭੂਸੀ ਕਹਿਲਾਉਂਦੀ ਹੈ। ਬੀਜ਼ਾਂ ਤੋਂ ਭੂਸੀ ਕੱਢਣ ਦਾ ਕੰਮ ਹੱਥ ਨਾਲ ਚਲਾਈਆਂ ਜਾਣ ਵਾਲੀਆਂ ਚੱਕੀਆਂ ਅਤੇ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ।

ਇਸਬਗੋਲ ਨੂੰ ਹਮੇਸ਼ਾਂ ਹਰੇਕ ਮੈਡੀਕਲ ਵਿਧੀ ਵਿੱਚ ਸਵੀਕਾਰ ਕੀਤਾ ਗਿਆ ਹੈ। ਯੂਨਾਨੀ ਮੈਡੀਕਲ ਵਿਧੀ ਵਿੱਚ ਇਸ ਦੇ ਬੀਜ਼ਾਂ ਨੂੰ ਸ਼ੀਤਲ, ਸ਼ਾਂਤੀਦਾਇਕ, ਕਬਜ਼ ਨੂੰ ਦੂਰ ਕਰਨ ਵਾਲਾ ਅਤੇ ਦਸਤ, ਡਾਇਨੇਟੇਰੀ ਅਤੇ ਆਂਤ ਦੇ ਜ਼ਖਮ ਆਦਿ ਰੋਗਾਂ ਵਿਚ ਉਪਯੋਗੀ ਦੱਸਿਆ ਗਿਆ ਹੈ। ਪ੍ਰਸਿੱਧ ਡਾਕਟਰ ਮੁਜ਼ਰਰਵਾਤ ਅਕਬਰੀ ਦੇ ਅਨੁਸਾਰ ਨਿਯਮਤ ਰੂਪ ਨਾਲ ਹਰ ਰੋਜ਼ ਇਸਬਗੋਲ ਦੀ ਵਰਤੋਂ ਕਰਨ ਨਾਲ ਸਾਹ ਰੋਗਾਂ ਅਤੇ ਦਮੇ ਵਿਚ ਬਹੁਤ ਰਾਹਤ ਮਿਲਦੀ ਹੈ। ਅਠਾਰਵੀਂ ਸ਼ਤਾਬਦੀ ਦੇ ਪ੍ਰਤਿਭਾਸ਼ਾਲੀ ਮੈਡੀਕਲ ਵਿਗਿਆਨੀ ਫਲੇਮਿੰਗ ਅਤੇ ਰਾਕਸਬਰਗ ਨੇ ਵੀ ਦਸਤ ਰੋਗ ਦੇ ਇਲਾਜ ਲਈ ਇਸਬਗੋਲ ਨੂੰ ਰਾਮਬਾਣ ਦਵਾਈ ਦੱਸਿਆ।

ਮਿਊਸਿਲੇਜ ਦੀ ਭਰਪੂਰ ਮਾਤਰਾ ਦੇ ਕਾਰਣ ਇਸ ਦੇ ਬੀਜ਼ਾਂ ਵਿਚ ਵੀਹ ਗੁਣਾ ਪਾਣੀ ਮਿਲਣ ਤੇ ਵੀ ਇਹ ਇਕ ਸਵਾਦ ਰਹਿਤ ਜੈਲੀ ਦੇ ਰੂਪ ਵਿਚ ਬਦਲ ਜਾਂਦਾ ਹੈ। ਇਸ ਦੇ ਇਲਾਵਾ ਇਸਬਗੋਲ ਵਿੱਚ 14.7 ਪ੍ਰਤੀਸ਼ਤ ਇਕ ਪ੍ਰਕਾਰ ਦਾ ਅਮਲੀਯ ਤੇਲ ਹੁੰਦਾ ਹੈ ਜਿਸ ਵਿਚ ਖ਼ੂਨ ਦੇ ਕੋਲਸਟ੍ਰੋਲ ਨੂੰ ਘਟਾਉਣ ਦੀ ਤਾਕਤ ਹੁੰਦੀ ਹੈ।

ਆਧੁਨਿਕ ਮੈਡੀਕਲ ਪ੍ਰਣਾਲੀ ਵਿਚ ਵੀ ਦਿਨੋਂ-ਦਿਨ ਇਸਬਗੋਲ ਦਾ ਮਹੱਤਵ ਵਧਦਾ ਜਾ ਰਿਹਾ ਹੈ। ਪਾਚਨ-ਤੰਤਰ ਨਾਲ ਸੰਬੰਧਿਤ ਰੋਗਾਂ ਦੀਆਂ ਦਵਾਈਆਂ ਵਿਚ ਇਸ ਦਾ ਇਸਤੇਮਾਲ ਹੋ ਰਿਹਾ ਹੈ। ਦਸਤ ਵਰਗੇ ਪੇਟ ਰੋਗਾਂ ਵਿੱਚ ਇਸਬਗੋਲ ਦੀ ਭੂਸੀ ਦਾ ਇਸਤੇਮਾਲ ਨਾ ਕੇਵਲ ਲਾਭਦਾਇਕ ਹੈ ਬਲਕਿ ਇਹ ਬਾਅਦ ਵਿੱਚ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਵੀ ਮੁਕਤ ਹੈ। ਭੋਜਨ ਵਿੱਚ ਰੇਸ਼ੇਦਾਰ ਪਦਾਰਥਾਂ ਦੀ ਘਾਟ ਦੇ ਕਾਰਣ ਕਬਜ਼ ਵਰਗੀਆਂ ਬੀਮਾਰੀਆਂ ਦਾ ਹੋ ਜਾਣਾ ਅੱਜ-ਕਲ ਆਮ ਗੱਲ ਹੈ ਅਤੇ ਜ਼ਿਆਦਾਤਰ ਲੋਕ ਇਸ ਨਾਲ ਪੀੜਤ ਹਨ। ਆਹਾਰ ਵਿਚ ਰੇਸ਼ੇਦਾਰ ਪਦਾਰਥਾਂ ਦੀ ਘਾਟ ਨੂੰ ਨਿਯਮਤ ਰੂਪ ਨਾਲ ਇਸਬਗੋਲ ਦੀ ਭੂਸੀ ਦਾ ਸੇਵਨ ਕਰਕੇ ਦੂਰ ਕੀਤਾ ਜਾ ਸਕਦਾ ਹੈ। ਇਹ ਪੇਟ ਵਿੱਚ ਪਾਣੀ ਸੋਖ ਕੇ ਫੁੱਲਦੀ ਹੈ ਅਤੇ ਆਂਤੜੀਆਂ ਵਿਚ ਮੌਜੂਦ ਪਦਾਰਥਾਂ ਦਾ ਆਕਾਰ ਵਧਾਉਂਦੀ ਹੈ। ਇਸ ਨਾਲ ਆਂਤੜੀਆਂ ਜ਼ਿਆਦਾ ਕਿਰਿਆਸ਼ੀਲ ਹੋ ਕੇ ਕੰਮ ਕਰਨ ਲਗਦੀਆਂ ਹਨ ਅਤੇ ਪਚੇ ਹੋਏ ਪਦਾਰਥਾਂ ਨੂੰ ਅਗੇ ਵਧਾਉਂਦੀਆਂ ਹਨ। ਇਹ ਭੂਸੀ ਸਰੀਰ ਦੇ ਟਾਕਿਸੰਸ ਅਤੇ ਬੈਕਟੀਰੀਆ ਨੂੰ ਵੀ ਸੋਖ ਕੇ ਸਰੀਰ ਤੋਂ ਬਾਹਰ ਕੱਢ ਦਿੰਦੀ ਹੈ। ਇਸਬਗੋਲ ਦੀ ਭੂਸੀ ਅਤੇ ਇਸ ਦੇ ਬੀਜ਼ ਦੋਵੇਂ ਹੀ ਵਿਭਿੰਨ ਰੋਗਾਂ ਵਿਚ ਇਕ ਪ੍ਰਭਾਵੀ ਦਵਾਈ ਦਾ ਕੰਮ ਕਰਦੇ ਹਨ। ਇਸ ਦੇ ਬੀਜ਼ਾਂ ਨੂੰ ਠੰਡੇ ਪਾਣੀ ਵਿੱਚ ਭਿਉਂ ਕੇ ਛਾਣ ਕੇ ਪੀਣ ਨਾਲ ਖ਼ੂਨੀ ਬਵਾਸੀਰ ਵਿਚ ਲਾਭ ਹੁੰਦਾ ਹੈ। ਨੱਕ ਵਿਚੋਂ ਖ਼ੂਨ ਨਿਕਲਣ ਦੀ ਸਥਿਤੀ ਵਿੱਚ ਇਸਬਗੋਲ ਦੇ ਬੀਜ਼ਾਂ ਨੂੰ ਸਿਰਕੇ ਦੇ ਨਾਲ ਪੀਹ ਕੇ ਕਨਪਟੀ ਤੇ ਲੇਪ ਕਰਨਾ ਚਾਹੀਦਾ ਹੈ।

ਕਬਜ਼ ਦੇ ਇਲਾਵਾ ਦਸਤ ਪੇਟ ਦਰਦ ਆਦਿ ਵਿੱਚ ਵੀ ਇਸਬਗੋਲ ਦੀ ਭੂਸੀ ਲੈਣਾ ਲਾਭਦਾਇਕ ਰਹਿੰਦਾ ਹੈ। ਬਹੁਤ ਜ਼ਿਆਦਾ ਕਫ ਹੋਣ ਦੇ ਹਾਲਾਤ ਵਿੱਚ ਇਸਬਗੋਲ ਦੇ ਬੀਜ਼ਾਂ ਦਾ ਕਾੜਾ ਬਣਾ ਕੇ ਰੋਗੀ ਨੂੰ ਦਿੱਤਾ ਜਾਂਦਾ ਹੈ।

ਇਸਬਗੋਲ ਦੇ ਬੀਜ਼ਾਂ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਬਾਦ ਵਿੱਚ ਇਹਨਾਂ ਨੂੰ ਧੋ ਕੇ ਸੁਕਾ ਲਉ। ਭੂਸੀ ਨੂੰ ਸਿਧੇ ਵੀ ਦੁੱਧ ਜਾਂ ਪਾਣੀ ਨਾਲ ਲਿਆ ਜਾ ਸਕਦਾ ਹੈ ਜਾਂ ਇਕ ਕੱਪ ਪਾਣੀ ਵਿੱਚ ਇਕ ਤੋਲਾ ਭੂਸੀ ਅਤੇ ਕੁਝ ਸ਼ੱਕਰ ਪਾ ਕੇ ਜੈਲੀ ਤਿਆਰ ਕਰ ਲਉ ਅਤੇ ਇਸ ਦਾ ਇਸਤੇਮਾਲ ਕਰੋ।

ਆਮ ਤੌਰ ਤੇ ਇਸਬਗੋਲ ਦੀ ਭੂਸੀ ਅਤੇ ਬੀਜ਼ਾਂ ਦਾ ਉਪਯੋਗ ਰਾਤ ਨੂੰ ਸੌਂਦੇ ਸਮੇਂ ਕੀਤਾ ਜਾਂਦਾ ਹੈ ਪ੍ਰੰਤੂ ਲੋੜ ਅਨੁਸਾਰ ਇਹਨੂੰ ਦਿਨ ਵਿੱਚ ਦੋ ਜਾਂ ਤਿੰਨ ਵਾਰ ਵੀ ਲਿਆ ਜਾ ਸਕਦਾ ਹੈ। ■





ਕਹਾਣੀ : ਰਾਧੇਲਾਲ

# ਸਭ ਤੋਂ ਅਮੀਰ ਕੌਣ ?

ਇਕ ਵਾਰ ਇਕ ਸਰ੍ਹਾਂ ਵਿਚ ਬਹੁਤ ਸਾਰੇ ਲੋਕ ਠਹਿਰੇ ਹੋਏ ਸਨ। ਉਹਨਾਂ ਨੇ ਰਾਤ ਉਥੇ ਗੁਜਾਰਨੀ ਸੀ। ਗਰਮੀ ਦਾ ਦਿਨ ਸੀ। ਠਹਿਰੇ ਹੋਏ ਲੋਕਾਂ ਵਿੱਚ ਬਹੁਤ ਸਾਰੇ ਅਜਿਹੇ ਵੀ ਸਨ, ਜੋ ਕਾਫੀ ਧਨਾਢ ਸਨ, ਜਿਨ੍ਹਾਂ ਦੇ ਕੋਲ ਧਨ ਦੌਲਤ ਦੀ ਕੋਈ ਘਾਟ ਨਹੀਂ ਸੀ।

ਜਦ ਸਾਰੇ ਲੋਕ ਰਾਤ ਦਾ ਭੋਜਨ ਕਰ ਚੁੱਕੇ ਤਾਂ ਸਰ੍ਹਾਂ ਦੇ ਖੁਲ੍ਹੇ ਵਿਹੜੇ ਵਿੱਚ ਸੌਣ ਜਾਣ ਤੋਂ ਪਹਿਲਾਂ ਇਕ ਥਾਂ ਬੈਠ ਕੇ ਗੱਲਬਾਤ ਕਰਨ ਲੱਗੇ। ਕਈ ਤਰ੍ਹਾਂ ਦੀਆਂ ਗੱਲਾਂ ਉਹਨਾਂ ਵਿੱਚ ਹੋਈਆਂ। ਇਸੇ ਸਿਲਸਿਲੇ ਵਿੱਚ ਇਕ ਆਦਮੀ ਨੇ ਇਕ ਸਵਾਲ ਖੜਾ ਕਰ ਦਿੱਤਾ – 'ਅੱਜ ਦੁਨੀਆਂ ਵਿੱਚ ਸਭ ਤੋਂ ਅਮੀਰ ਆਦਮੀ ਕੌਣ ਹੈ?'

ਆਪਣੀ-ਆਪਣੀ ਜਾਣਕਾਰੀ ਦੇ ਅਨੁਸਾਰ ਸਾਰਿਆਂ ਨੇ ਕਿਸੇ ਨਾ ਕਿਸੇ ਵਿਅਕਤੀ ਦਾ ਨਾਮ ਦੱਸਿਆ। ਇਕ ਸੰਤ ਵੀ ਉਹਨਾਂ ਲੋਕਾਂ ਵਿੱਚ ਚੁਪਚਾਪ ਬੈਠਾ ਸਾਰਿਆਂ ਦੀ ਗੱਲਬਾਤ ਸੁਣ ਰਿਹਾ ਸੀ। ਕਿਸੇ ਨੇ ਉਸ ਤੋਂ ਵੀ ਪੁੱਛ ਹੀ ਲਿਆ – 'ਸੰਤ ਜੀ, ਆਪ ਦੇ ਵਿਚਾਰ ਨਾਲ ਇਸ ਦੁਨੀਆਂ ਵਿੱਚ ਸਭ ਤੋਂ ਅਮੀਰ ਆਦਮੀ ਕੌਣ ਹੈ?''

ਸੰਤ ਥੋੜੀ ਦੇਰ ਚੁੱਪ ਰਿਹਾ। ਫਿਰ ਸ਼ਾਂਤ ਸੁਰ ਵਿੱਚ ਬੋਲਿਆ– 'ਉਹ ਲੋਕ ਤਾਂ ਬਿਲਕੁਲ ਨਹੀਂ, ਜਿਨ੍ਹਾਂ ਦੇ ਬਾਰੇ ਵਿੱਚ ਹੁਣੇ ਤੁਸੀਂ ਲੋਕਾਂ ਨੇ ਕਿਹਾ ਹੈ। ਸਭ ਤੋਂ ਅਮੀਰ ਹੋਣ ਦੀ ਗੱਲ ਤਾਂ ਦੂਰ ਰਹੀ, ਉਹ ਲੋਕ ਅਮੀਰ ਵੀ ਨਹੀਂ ਹਨ। ਦਰਅਸਲ ਅਮੀਰ ਹੋਣਾ ਆਸਾਨ ਨਹੀਂ ਹੈ ਅਤੇ ਜੋ ਅਸਲ ਵਿਚ ਅਮੀਰ ਹਨ, ਅਸੀਂ ਉਹਨਾਂ ਨੂੰ ਅਸਾਨੀ ਨਾਲ ਜਾਣ ਨਹੀਂ ਸਕਦੇ।'

ਕਿਸੇ ਦੀ ਵੀ ਸਮਝ ਵਿਚ ਸੰਤ ਦੀ ਗੱਲ ਨਹੀਂ ਆਈ। ਅਖੀਰ ਇਕ ਆਦਮੀ ਨੇ ਸੰਤ ਤੋਂ ਪੁੱਛਿਆ – 'ਫਿਰ ਆਪ ਹੀ ਦੱਸੋ, ਅਮੀਰ ਅਸੀਂ ਕਿਸ ਨੂੰ ਕਹੀਏ?'

ਮੇਰੇ ਖਿਆਲ ਨਾਲ ਅਮੀਰ ਉਹੀ ਹੈ ਜਿਸ ਨੂੰ ਹੋਰ ਜ਼ਿਆਦਾ ਪਾਉਣ ਦੀ ਚਾਹ ਨਾ ਰਹੇ। ਲਖਪਤੀ, ਕਰੋੜਪਤੀ ਅਤੇ ਅਰਬਪਤੀ ਆਦਿ ਅਮੀਰ ਨਹੀਂ ਹਨ ਅਗਰ ਉਹਨਾਂ ਦੇ ਅੰਦਰ ਹੋਰ ਪਾਉਣ ਦੀ ਚਾਹ ਬਣੀ ਹੋਈ ਹੈ। ਜਿਸ ਦੇ ਕੋਲ ਜੋ ਕੁਝ ਵੀ ਹੈ, ਉਹ ਉਸ ਵਿੱਚ ਸੰਤੁਸ਼ਟ ਹੈ ਤਾਂ ਸਮਝ ਲਉ, ਉਹ ਅਸਲ ਵਿਚ ਅਮੀਰ ਹੈ। ਅਸਲੀ ਅਮੀਰ ਉਹੀ ਹੈ।

ਦਿਲ ਹੋਤਾ ਜਿਸ ਕਾ ਬੜਾ ਹੈ, ਉਹੀ ਬੜਾ ਕਹਿਲਾਏ।<br>ਧਨ ਕਾ ਬੜਾ ਬੜਾ ਨਹੀਂ, ਮਨ ਕਾ ਭਰਮ ਮਿਟਾਏ।

ਸੰਤ ਨੇ ਆਪਣੀ ਗੱਲ ਪੂਰੀ ਕੀਤੀ। ਹੁਣ ਸਰ੍ਹਾਂ ਵਿਚ ਮੌਜੂਦ ਸਾਰੇ ਵਿਅਕਤੀਆਂ ਨੇ ਸੰਤ ਦੀਆਂ ਗੱਲਾਂ ਸੁਣ ਕੇ ਅਮੀਰੀ ਦੇ ਸੰਬੰਧ ਵਿੱਚ ਆਪਣੇ ਵਿਚਾਰਾਂ ਨੂੰ ਬਦਲ ਦਿੱਤਾ। ਉਹ ਚੰਗੀ ਤਰ੍ਹਾਂ ਸਮਝ ਗਏ ਕਿ ਜੋ ਜਿਤਨਾ ਸੰਤੋਖੀ ਹੈ, ਉਹ ਓਨਾ ਹੀ ਵੱਡਾ ਆਦਮੀ ਹੈ। ਅਸੰਤੋਖੀ ਵਿਅਕਤੀ ਕਦੇ ਅਮੀਰ ਹੋ ਹੀ ਨਹੀਂ ਸਕਦਾ।




ਬਾਲ ਕਵਿਤਾਵਾਂ : ਡਾ. ਦਿਨੇਸ਼


## ਚੋਰ ਬੰਦਰ

ਚੋਰ ਬੰਦਰ ਦੀ ਹੋਈ ਸਗਾਈ,
ਸਭ ਨੇ ਦਿੱਤੀ ਉਸ ਨੂੰ ਵਧਾਈ।

ਜਦੋਂ ਇਕ ਦਿਨ ਬਾਰਾਤ ਸੀ ਆਈ,
ਚੋਰੀ ਦੀ ਸਕੀਮ ਬਣਾਈ।

ਮਾਲ ਬਹੁਤ ਉਹ ਜਦੋਂ ਲਿਆਇਆ।
ਸਭ ਨੇ ਉਸ ਦੀ ਕੀਤੀ ਪਿਟਾਈ।





## ਬਿੱਲੀ

ਬਿੱਲੀ ਕਰਦੀ ਮਿਆਊਂ ਮਿਆਊਂ,
ਚੂਹਿਆਂ ਨੂੰ ਮੈਂ ਚੱਟ ਕਰ ਜਾਊਂ।
ਸਭ ਦਾ ਹੀ ਮੈਂ ਮਨ ਬਹਿਲਾਵਾਂ,
ਡਾਂਟ-ਡਪਟ ਮੈਂ ਸਹਿ ਨਾ ਪਾਵਾਂ।

## ਖਰਗੋਸ਼

ਸਹਿਜ ਸਲੋਣਾ ਜਿਹਾ ਖਰਗੋਸ਼,
ਮ੍ਰਿਗ ਜਿਹਾ ਬੌਨਾ ਖਰਗੋਸ਼।
ਲਗਦਾ ਭੋਲਾ ਜਿਹਾ ਖਰਗੋਸ਼,
ਪਰ ਹੈ ਸੋਹਣਾ ਜਿਹਾ ਖਰਗੋਸ਼।



❑ ਤੇਜਿੰਦਰ ਸਿੰਘ

# ਬਰਸਾਤ ਦੇ ਮੌਸਮ ਵਿਚ ਬੱਚਿਆਂ ਦੀ ਦੇਖਭਾਲ



ਬਰਸਾਤ ਦਾ ਮੌਸਮ ਆਉਂਦੇ ਹੀ ਜਿਥੇ ਹਰ ਪਾਸੇ ਖੁਸ਼ਨੁਮਾ ਮਾਹੌਲ ਹੋ ਜਾਂਦਾ ਹੈ, ਉਥੇ ਬਰਸਾਤ ਕਈ ਤਰ੍ਹਾਂ ਦੀਆਂ ਬੀਮਾਰੀਆਂ ਵੀ ਲੈ ਕੇ ਆਉਂਦੀ ਹੈ। ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਬਹੁਤ ਹੀ ਜ਼ਰੂਰੀ ਹੈ। ਬੱਚੇ ਦੀ ਸਿਹਤ ਦੀ ਜ਼ਿੰਮੇਵਾਰੀ ਅਕਸਰ ਮਾਂ ਦੀ ਹੁੰਦੀ ਹੈ ਅਤੇ ਮਾਵਾਂ ਇਸ ਤਰ੍ਹਾਂ ਧਿਆਨ ਰੱਖ ਸਕਦੀਆਂ ਹਨ –

❖ ਬਰਸਾਤ ਵਿਚ ਅਕਸਰ ਦੂਸ਼ਿਤ ਪਾਣੀ ਤੋਂ ਉਲਟੀ, ਦਸਤ, ਸਰਦੀ, ਜ਼ੁਕਾਮ, ਪੀਲੀਆ ਆਦਿ ਹੋਣ ਦਾ ਖਤਰਾ ਵੱਧ ਜਾਂਦਾ ਹੈ। ਬੱਚੇ ਨੂੰ ਪਾਣੀ ਦੀ ਘਾਟ ਨਾ ਹੋਣ ਦਿਉ। ਪਾਣੀ ਹਮੇਸ਼ਾ ਉਬਾਲ ਕੇ ਦਿਉ। ਹਮੇਸ਼ਾ ਆਪਣੇ ਨੇੜੇ ਦੇ ਚੌਗਿਰਦੇ ਨੂੰ ਸਾਫ ਰੱਖੋ ਅਤੇ ਘਰ ਦੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦਿਉ। ਬੱਚਿਆਂ ਦੇ ਸ਼ਰੀਰ ਨੂੰ ਗਰਮ ਰੱਖੋ, ਕਿਉਂਕਿ ਕਿਟਾਣੂ ਉਦੋਂ ਹਮਲਾ ਕਰਦੇ ਹਨ ਜਦੋਂ ਸਰੀਰ ਦਾ ਤਾਪਮਾਨ ਥੱਲੇ ਡਿੱਗ ਜਾਂਦਾ ਹੈ। ਜਦੋਂ ਬੱਚੇ ਗਿੱਲੇ ਹੋਣ ਤਾਂ ਉਹਨਾਂ ਦੇ ਪੈਰਾਂ ਨੂੰ ਨਰਮ ਤੇ ਸੁੱਕੇ ਕੱਪੜੇ ਨਾਲ ਪੂੰਝ ਕੇ ਚੰਗੀ ਤਰ੍ਹਾਂ ਸੁਕਾ ਦਿਉ।

❖ ਗੰਦੇ ਪਾਣੀ ਵਿਚ ਤੁਰਨ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ, ਕਿਉਂਕਿ ਪੈਰਾਂ ਦਾ ਸਿੱਧਾ ਸਬੰਧ ਗੰਦੇ ਪਾਣੀ ਨਾਲ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਮੌਨਸੂਨ ਦੇ ਮੌਸਮ ਦੌਰਾਨ ਬੱਚਿਆਂ ਨੂੰ ਢੁਕਵੇਂ ਕੱਪੜੇ ਪਹਿਨਾਏ ਜਾਣ ਤਾਂ ਜੋ ਬਿਮਾਰੀਆਂ ਤੋਂ ਬਚਿਆ ਜਾ ਸਕੇ।

❖ ਮੀਂਹ ਪੈਣ ਨਾਲ ਤਾਪਮਾਨ ਥੱਲੇ ਜਾਣ ਕਾਰਨ ਇਸ ਮੌਸਮ ਵਿਚ ਰਾਤ ਨੂੰ ਗਰਮ ਸੂਪ ਤੇ ਕੋਸੀਆਂ ਚੀਜਾਂ ਪੀਣੀਆਂ ਚਾਹੀਦੀਆਂ ਹਨ।

❖ ਬੱਚਿਆਂ ਦੇ ਸਰੀਰ ਦੀ ਊਰਜਾ ਨੂੰ ਕਾਇਮ ਰੱਖਣ ਲਈ ਜ਼ਿਆਦਾ ਮਾਤਰਾ ਵਿਚ ਪਾਣੀ ਪਿਆਉ। ਅੱਧ-ਪੱਕਿਆ ਭੋਜਨ ਨਾ ਖਾਣ ਨੂੰ ਦਿਉ। ਲਸਨ ਅਦਰਕ ਦਾ ਸੂਪ ਮੀਂਹ ਦੇ ਦੌਰਾਨ ਪੀਣਾ ਚਾਹੀਦਾ ਹੈ ਜੋ ਛੋਟੀਆਂ-ਛੋਟੀਆਂ ਅਲਾਮਤਾਂ ਵਿਚ ਕਫ, ਜ਼ੁਕਾਮ, ਨਜ਼ਲਾ, ਛਿੱਕਾਂ, ਬੁਖਾਰ ਆਦਿ ਤੋਂ ਰਾਹਤ ਦਿਵਾਉਂਦਾ ਹੈ।

❖ ਘਰਾਂ ਵਿਚੋਂ ਮੱਛਰ ਭਜਾਉਣ ਲਈ ਦਵਾਈ ਦੀ ਵਰਤੋ ਕਰੋ। ਇਕ ਛੋਟਾ ਜਿਹਾ ਮੱਛਰ ਦੁਨੀਆ ਵਿਚ ਸਭ ਤੋਂ ਖਤਰਨਾਕ ਮੰਨਿਆ ਜਾਂਦਾ ਹੈ। ਮਲੇਰੀਆ ਤੇ ਡੇਂਗੂ ਵਰਗੀਆਂ ਖਤਰਨਾਕ ਬੀਮਾਰੀਆਂ ਹਨ, ਜੋ ਮੌਨਸੂਨ ਦੌਰਾਨ ਮੱਛਰਾਂ ਕਾਰਨ ਫੈਲਦੀਆਂ ਹਨ।

❖ ਬਰਸਾਤ ਦੇ ਮੌਸਮ ਵਿਚ ਅਕਸਰ ਬੱਚਿਆਂ ਨੂੰ ਫੋੜੇ-ਫਿਨਸੀਆਂ ਦੀ ਸ਼ਿਕਾਇਤ ਹੋ ਜਾਂਦੀ ਹੈ। ਬੱਚੇ ਦੀ ਸਾਫ-ਸਫਾਈ ਦਾ ਖਾਸ ਧਿਆਨ ਰੱਖੋ। ਜੇਕਰ ਬੱਚੇ ਬਰਸਾਤ ਵਿਚ ਨਹਾਉਂਦੇ ਹਨ ਤਾਂ ਉਨ੍ਹਾਂ ਲਈ ਵਧੀਆ ਐਂਟੀਸੈਪਟਿਕ ਸਾਬਣ ਵਰਤੋ, ਇਸ ਨਾਲ ਬੱਚਾ ਸਾਫ-ਸੁਥਰਾ, ਤੰਦਰੁਸਤ ਅਤੇ ਰੋਗ ਰਹਿਤ ਹੋਵੇਗਾ।

❖ ਖਾਣਾ ਖਾਂਦੇ ਸਮੇਂ ਬੱਚੇ ਨੂੰ ਫਲ ਦਿਉ ਪਰ ਫਲ ਵੀ ਧੋ ਕੇ ਦਿਉ। ਬਿਨਾਂ ਧੋਤੇ ਫਲ ਬਿਮਾਰੀ ਫੈਲਾਉਂਦੇ ਹਨ। ਘਰ ਦਾ ਬਣਿਆ ਤਾਜ਼ਾ ਖਾਣਾ ਹੀ ਖਵਾਉ। ਬੇਹੇ ਭੋਜਨ ਦੀ ਵਰਤੋਂ ਨਾ ਕਰੋ। ਬਾਜ਼ਾਰ ਦੇ ਜੰਕ-ਫੂਡ ਨਾ ਦਿਉ। ਘਰ ਵਿਚ ਤੁਲਸੀ, ਅਦਰਕ ਤੇ ਨਿੰਬੂ ਦੀ ਵਰਤੋਂ ਕਰੋ।

ਇਨ੍ਹਾਂ ਛੋਟੀਆਂ-ਛੋਟੀਆਂ ਗੱਲਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਸ਼ਾਮਿਲ ਕਰਕੇ ਤੁਸੀਂ ਅਤੇ ਤੁਹਾਡੇ ਬੱਚੇ ਮੌਨਸੂਨ ਦੇ ਮੌਸਮ ਦਾ ਭਰਪੂਰ ਅਨੰਦ ਮਾਣ ਸਕਦੇ ਹਨ। ■



# ਰੰਗ ਭਰੋ



ਨਾਂ ........................................................................ ਉਮਰ..........

ਪੂਰਾ ਪਤਾ...............................................................................

.........................................................................................

.........................................................................................

# ਮਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

*ਵੰਸ਼ਿਕਾ ਬੇਬੋ (ਉਮਰ 10 ਸਾਲ)*
*ਪਿੰਡ ਅਤੇ ਡਾਕਖਾਨਾ - ਬੁਢਲਾਡਾ*
*ਜ਼ਿਲਾ : ਮਾਨਸਾ (ਪੰਜਾਬ)*

**ਦੂਸਰਾ ਨੰ :**

*ਹਰਸੁਲ (ਉਮਰ 7 ਸਾਲ)*
*ਪਿੰਡ ਅਤੇ ਡਾਕਖਾਨਾ :- ਕਲਿਆਨਪੁਰ*
*ਜ਼ਿਲਾ ਜਲੰਧਰ (ਪੰਜਾਬ)*

**ਤੀਸਰਾ ਨੰ :**

*ਹੈਵਨ-ਸੁਮਨ (ਉਮਰ 8 ਸਾਲ)*
*ਹਾਊਸ ਨੰ: 144*
*ਗੁਰੂ ਹਰਗੋਬਿੰਦ ਨਗਰ, ਫਗਵਾੜਾ*
*ਜ਼ਿਲਾ ਕਪੂਰਥਲਾ (ਪੰਜਾਬ)*

## ਪਸੰਦ ਕੀਤੇ ਗਏ -

ਸੁਨੀਤਾ (ਨਵਾਂ ਸ਼ਹਿਰ),
ਅਨੰਨਿਆ ਗਰਗ (ਲਹਿਰਾਗਾਗਾ),
ਖੁਸ਼ਵੰਤ (ਬਰਨਾਲਾ),
ਨਿਤਿਨ ਕੰਡਾ (ਤਲਵੰਡੀ ਭਾਈ),
ਵਿਧਿਤ ਬਜਾਜ (ਖੁਸ਼ਹਾਲ ਪੁਰ),
ਨਿਮਰਤਾ (ਬੁਢਲਾਡਾ),
ਯਸ਼ਿਕਾ ਭੋਲਾ (ਡੇਰਾ ਬਾਬਾ ਨਾਨਕ),
ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਸਹਿਜਪ੍ਰੀਤ (ਅੰਮ੍ਰਿਤਸਰ),
ਗੁਰਪ੍ਰੀਤ (ਗਿੱਦੜਬਾਹਾ),
ਗੁਰਲੀਨ ਕੌਰ (ਡੱਫਰ),
ਸਰਬਜੀਤ ਕੌਰ (ਜਗਰਾਉਂ),
ਏਕਤਾ (ਹਰੀਕੇ ਪਤਨ),
ਪ੍ਰੇਰਨਾ (ਬੇਦੀ ਨਗਰ),
ਜਸਨੂਰਪ੍ਰੀਤ (ਜਗਰਾਉਂ),
ਗੁਰਵਿੰਦਰ (ਜ਼ੀਰਾ),
ਸ਼ੁਭਮ (ਪੁਰਹੀਰਾ),
ਕਿਰਨਦੀਪ (ਲੁਧਿਆਣਾ)



## ਜੁਲਾਈ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਜੁਲਾਈ 2019* ਤਕ ਸੰਪਾਦਕ, 'ਹੱਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੱਸਤੀ ਦੁਨੀਆ' ਦੇ *ਸਤੰਬਰ 2019* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਕਹਾਣੀ - ਕਮਲ ਸੋਗਾਨੀ

# ਖੂਹ ਵਿਚ ਡਿੱਗਾ ਚੰਨ

ਚਾਚਾ ਚੁੰਨੀਲਾਲ ਟੇਢੇ ਦਿਮਾਗ ਦੇ ਆਦਮੀ ਸਨ। ਹਰ ਦੋ ਚਾਰ ਦਿਨ ਛੱਡ ਕੇ ਜਦ ਉਹਨਾਂ ਦੇ ਦਿਮਾਗ ਉਤੇ ਗਰਮੀ ਚੜ ਜਾਂਦੀ ਤਾਂ ਉਹ ਤਰ੍ਹਾਂ ਤਰ੍ਹਾਂ ਦੀਆਂ ਹਰਕਤਾਂ ਕਰਦੇ ਸਨ।

ਇਕ ਪੂਰਨਮਾਸ਼ੀ ਦੀ ਰਾਤ ਇਕ ਸੁੰਦਰ ਸੁਪਨਾ ਵੇਖ ਕੇ ਚਾਚਾ ਜੀ ਦੀ ਨੀਂਦ ਖੁੱਲ ਗਈ। ਉਹ ਮੰਜੇ ਉਤੇ ਬੈਠ ਕੇ ਸੁਪਨੇ ਦੇ ਬਾਰੇ ਸੋਚਣ ਲੱਗੇ। ਜੰਗਲ ਦੇ ਰਸਤੇ ਵਾਲੇ ਖੂਹ ਉਤੇ ਕੋਈ ਪਰੀ ਨੱਚ ਰਹੀ ਸੀ। ਹੁਣ ਉਹਨਾਂ ਤੋਂ ਰਿਹਾ ਨਹੀਂ ਜਾ ਰਿਹਾ ਸੀ। ਉਹ ਪਰੀ ਨੂੰ ਵੇਖਣ ਲਈ ਉਤਾਵਲੇ ਹੋ ਗਏ। ਭੱਜਦੇ ਭੱਜਦੇ ਖੂਹ ਦੇ ਕੋਲ ਪਹੁੰਚ ਗਏ।, ਝਾਂਕ ਕੇ ਵੇਖਿਆ ਤਾਂ ਬੜੀ ਹੈਰਾਨੀ ਹੋਈ ਪਰੀ ਦੀ ਜਗ੍ਹਾ ਪੂਨਮ ਦਾ ਚੰਨ ਮੁਸਕੁਰਾ ਰਿਹਾ ਸੀ।

ਦਰਅਸਲ, ਖੂਹ ਵਿਚ ਪੂਨਮ ਦੇ ਚੰਨ ਦਾ ਪ੍ਰਤਿਬਿੰਬ ਵੇਖ ਕੇ ਉਹ ਸੋਚਣ ਲੱਗੇ, ਸ਼ਾਇਦ ਪਰੀ ਆਸਮਾਨ ਤੋਂ ਆਉਂਦੇ ਹੋਏ ਚੰਨ ਉਤੇ ਬੈਠ ਕੇ ਆਈ ਹੋਵੇਗੀ ਅਤੇ ਖੰਭ ਲਗਾ ਕੇ ਉਡੱ ਗਈ। ਇਸ ਚੰਨ ਦੇ ਟੁਕੜੇ ਨੂੰ ਇਥੇ ਹੀ ਛੱਡ ਗਈ।

ਹੁਣ ਚੰਨ ਨੂੰ ਖੂਹ ਵਿਚ ਡਿੱਗਾ ਵੇਖ ਕੇ ਉਹਨਾਂ ਨੂੰ ਚਿੰਤਾ ਹੋਈ।ਚਾਚਾ ਜੀ ਨੇ ਮਨ ਵਿਚ ਵਿਚਾਰ ਕੀਤਾ - ਇਸ ਨੂੰ ਬਾਹਰ ਕੱਢ ਲੈਣਾ ਚਾਹੀਦਾ ਹੈ। ਬਸ ਇਹੀ ਸੋਚ ਕੇ ਉਹ ਘਰ ਗਏ ਅਤੇ ਇਕ ਲੰਬੀ ਰੱਸੀ ਲੈ ਕੇ ਵਾਪਿਸ ਆ ਗਏ।

ਹੁਣ ਉਹਨਾਂ ਨੇ ਪੂਰੀ ਤਾਕਤ ਨਾਲ ਰੱਸੀ ਨੂੰ ਖੂਹ ਵਿਚ ਸੁਟਿਆ। ਰੱਸੀ ਦਾ ਅੰਤਿਮ ਸਿਰਾ ਉਹਨਾਂ ਦੇ ਹੱਥ ਵਿਚ ਸੀ। ਰੱਸੀ ਪਾਣੀ ਵਿਚ ਭਿੱਜ ਕੇ ਡੁੱਬਣ ਲੱਗੀ ਤਾਂ ਉਹਨਾਂ ਨੇ ਇਕ ਤੇਜ਼ ਅਵਾਜ਼ ਦੇ ਕੇ ਕਿਹਾ - ਚੰਨ ਜੀ ! ਜਰਾ ਇਸ ਰੱਸੀ ਨੂੰ ਮਜ਼ਬੂਤੀ ਨਾਲ ਫੜ ਲਓ। ਇਸੇ ਵਿਚ ਤੁਹਾਡੀ ਭਲਾਈ ਅਤੇ ਜ਼ਿੰਦਗੀ ਹੈ। ਹਾਂ, ਮੈਂ ਚਾਹੁੰਦਾ ਹਾਂ ਕਿ ਤੁਹਾਡੀ ਚਮਕ-ਦਮਕ ਸਦਾ ਕਾਇਮ ਰਹੇ।

ਸੰਜੋਗ ਨਾਲ ਰੱਸੀ ਦਾ ਸਿਰਾ ਇਕ ਭਾਰੀ ਚਟਾਨ ਵਿਚ ਫੱਸ ਗਿਆ। ਪੂਰੀ ਤਾਕਤ ਉਹਨਾਂ ਨੇ ਲਗਾ ਦਿੱਤੀ। ਲੇਕਿਨ ਰੱਸੀ ਆਪਣੀ ਜਗ੍ਹਾ ਤੋਂ ਬਿਲਕੁਲ ਨਾ ਹਿੱਲੀ। ਚਾਚਾ ਸਮਝੇ ਕਿ ਚੰਨ ਬਹੁਤ ਭਾਰੀ ਹੈ। ਇਸ ਲਈ ਮੇਰੇ ਤੋਂ ਨਹੀਂ ਖਿੱਚ ਹੋ ਰਿਹਾ, ਬਸ ਇਹੀ ਸੋਚ ਕੇ ਉਹਨਾਂ ਨੇ ਇਕ ਵਾਰ ਫਿਰ ਤੋਂ ਪੂਰੀ ਤਾਕਤ ਲਗਾ ਕੇ ਖਿੱਚਣ ਦਾ ਜਤਨ ਕੀਤਾ। ਇਸ ਨਾਲ ਰੱਸੀ ਚਟਾਨ ਵਿਚੋਂ ਨਿਕਲ ਗਈ। ਚਾਚਾ ਜੋ ਪੂਰੀ ਤਾਕਤ ਨਾਲ ਉਸਨੂੰ ਖਿੱਚ ਰਹੇ ਸਨ ਪਿੱਛੇ ਵਾਲੇ ਪਾਸੇ ਡਿੱਗ ਪਏ। ਉਹਨਾਂ ਨੂੰ ਕਈ ਜਗ੍ਹਾ ਚੋਟ ਲੱਗੀ, ਪਰ ਜਦ ਆਕਾਸ਼ ਉਤੇ ਨਜ਼ਰ ਗਈ ਤਾਂ ਉਹਨਾਂ ਦੀ ਖੁਸ਼ੀ ਦੀ ਕੋਈ ਸੀਮਾ ਨਹੀਂ ਸੀ। ਪੂਨਮ ਦਾ ਚੰਨ ਆਪਣੀ ਪੂਰੀ ਚਮਕ ਨਾਲ ਆਸਮਾਨ ਵਿਚ ਮੁਸਕੁਰਾ ਰਿਹਾ ਸੀ। ਉਹ ਆਪਣੇ ਆਪ ਨੂੰ ਧੰਨਵਾਦ ਕਰਦੇ ਹੋਏ ਕਹਿਣ ਲਗੇ - ਰੱਬ ਦਾ ਸ਼ੁਕਰ ਹੈ ! ਮੇਰੀ ਮਿਹਨਤ ਬੇਕਾਰ ਨਹੀਂ ਗਈ ਅਤੇ ਦੁਨੀਆ ਲਈ ਕੰਮ ਆ ਗਈ। ਮੈਂ ਜ਼ਮੀਨ ਉਤੇ ਤਾਂ ਡਿੱਗਾ ਪਰ ਚੰਨ ਨੂੰ ਮੈਂ ਆਕਾਸ਼ ਉਤੇ ਪਹੁੰਚਾ ਕੇ ਹੀ ਦਮ ਲਿਆ।



ਬਾਲ ਕਹਾਣੀ –

❒ ਏ. ਪੀ. ਨਿਰੰਕਾਰੀ

# ਭੋਲੂ ਰਿੱਛ ਦੀ ਯੋਜਨਾ

ਸੁੰਦਰਵਨ ਜੰਗਲ ਬਹੁਤ ਹਰਿਆ-ਭਰਿਆ ਸੀ। ਚਾਰੇ ਪਾਸੇ ਸ਼ਾਂਤੀ ਹੀ ਸ਼ਾਂਤੀ ਸੀ। ਸਾਰੇ ਹੀ ਜਾਨਵਰ ਖੁਸ਼ੀ-ਖੁਸ਼ੀ ਆਪਣਾ ਜੀਵਨ ਬਤੀਤ ਕਰ ਰਹੇ ਸਨ। ਹਰ ਪਾਸੇ ਹਰਿਆਲੀ ਸੀ। ਸ਼ੇਰ ਖਾਨ ਉਸ ਵਨ ਦਾ ਰਾਜਾ ਸੀ। ਸ਼ੇਰ ਖਾਨ ਦੀ ਉਮਰ ਕਾਫ਼ੀ ਹੋ ਚੁੱਕੀ ਸੀ ਜਿਸ ਕਾਰਨ ਉਹ ਕਮਜ਼ੋਰ ਹੋ ਗਿਆ ਸੀ। ਫਿਰ ਵੀ ਉਹ ਆਪਣੀ ਪਰਜਾ ਦਾ ਧਿਆਨ ਰੱਖਦਾ ਸੀ। ਇੱਕ ਦਿਨ ਦੂਸਰੇ ਜੰਗਲ ਤੋਂ ਇੱਕ ਕਹਿਰ ਸਿੰਘ ਨਾਂ ਦਾ ਸ਼ੇਰ ਆ ਗਿਆ। ਉਸਨੇ ਆਉਂਦੇ ਹੀ ਸੁੰਦਰਵਨ ਦੀ ਸ਼ਾਂਤੀ ਭੰਗ ਕਰ ਦਿੱਤੀ। ਉਸਨੇ ਕਈ ਜਾਨਵਰਾਂ ਨੂੰ ਆਪਣਾ ਸ਼ਿਕਾਰ ਬਣਾਇਆ। ਕਹਿਰ ਸਿੰਘ ਕਾਫ਼ੀ ਤਗੜਾ ਸੀ।

ਜਦੋਂ ਸ਼ੇਰ ਖਾਨ ਨੇ ਇਹ ਖਬਰ ਸੁਣੀ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਸ਼ੇਰ ਖਾਨ ਨੇ ਕਹਿਰ ਸਿੰਘ ਨੂੰ ਲੜਨ ਲਈ ਲਲਕਾਰਿਆ। ਜਦੋਂ ਲੜਾਈ ਹੋਈ ਤਾਂ ਸ਼ੇਰ ਖਾਨ ਜ਼ਖ਼ਮੀ ਹੋ ਗਿਆ ਕਿਉਂਕਿ ਸ਼ੇਰ ਖਾਨ ਕਾਫ਼ੀ ਕਮਜ਼ੋਰ ਸੀ। ਕਹਿਰ ਸਿੰਘ ਨੇ ਸਾਰੇ ਜਾਨਵਰਾਂ ਨੂੰ ਕਿਹਾ ਕਿ ਮੈਂ ਤੁਹਾਡੇ ਰਾਜੇ ਨੂੰ ਜਖਮੀ ਕੀਤਾ ਹੈ ਇਸ ਲਈ ਇਸ ਜੰਗਲ ਦਾ ਮੈਂ ਰਾਜਾ ਹਾਂ। ਸ਼ੇਰ ਖਾਨ ਵਿਚਾਰਾ ਜਖਮੀ ਸੀ ਉਹ ਕੁਝ ਨਾ ਕਰ ਸਕਿਆ। ਕਹਿਰ ਸਿੰਘ ਕਾਫ਼ੀ ਜਾਲਮ ਸੀ। ਉਸਨੇ ਕਿਹਾ ਕਿ ਜੇਕਰ ਤੁਸੀਂ ਮੇਰੀ ਗੱਲ ਨਾ ਮੰਨੀ ਤਾਂ ਮੈਂ ਸਭ ਨੂੰ ਖਤਮ ਕਰ ਦੇਵਾਂਗਾ। ਉਸਨੇ ਜਾਨਵਰਾਂ ਨੂੰ ਕਿਹਾ ਕਿ ਮੈਨੂੰ ਖਾਣ ਲਈ ਰੋਜ਼ ਇੱਕ ਜਾਨਵਰ ਚਾਹੀਦਾ ਹੈ ਇਸ ਲਈ ਹਰ ਰੋਜ਼ ਮੇਰੇ ਪਾਸ ਵਾਰੀ-ਵਾਰੀ ਇੱਕ ਜਾਨਵਰ ਆ ਜਾਇਆ ਕਰੇ।

ਹੁਣ ਹਰ ਰੋਜ਼ ਇੱਕ ਜਾਨਵਰ ਕਹਿਰ ਸਿੰਘ ਪਾਸ ਜਾਂਦਾ ਸੀ ਜਿਸ ਕਾਰਨ ਜੰਗਲ ਵਿੱਚੋਂ ਜਾਨਵਰਾਂ ਦੀ ਗਿਣਤੀ ਘਟ ਰਹੀ ਸੀ। ਸਾਰੇ ਜਾਨਵਰਾਂ ਨੇ ਸ਼ੇਰ ਖਾਨ ਨੂੰ ਕਿਹਾ ਕਿ ਮਹਾਰਾਜ ਤੁਸੀਂ ਕੁਝ ਕਰੋ ਨਹੀਂ ਤਾਂ ਸਾਰਾ ਜੰਗਲ ਨਸ਼ਟ ਹੋ ਜਾਵੇਗਾ। ਸ਼ੇਰ ਖਾਨ ਨੇ ਜਾਨਵਰਾਂ ਨੂੰ ਦਿਲਾਸਾ ਦਿੱਤਾ ਕਿ ਤੁਸੀਂ ਬਸ ਥੋੜਾ ਚਿਰ ਰੁੱਕ ਜਾਓ। ਇਸ ਕਹਿਰ ਸਿੰਘ ਦਾ ਅਸੀਂ ਅੰਤ ਕਰ ਦੇਵਾਂਗੇ। ਸ਼ੇਰ ਖਾਨ ਨੇ ਆਪਦੇ ਦੋਸਤ ਭੋਲੂ ਰਿੱਛ ਅਤੇ ਮੋਟੂ ਹਾਥੀ ਨੂੰ ਬੁਲਾਇਆ। ਸ਼ੇਰ ਖਾਨ ਨੇ ਆਪਣੀ ਸਾਰੀ ਹੱਡ-ਬੀਤੀ


ਉਹਨਾਂ ਨੂੰ ਦੱਸੀ ਤਾਂ ਭੋਲੂ ਰਿੱਛ ਨੇ ਕਿਹਾ - ਦੋਸਤ, ਡਰਨ ਦੀ ਲੋੜ ਨਹੀਂ। ਮੈਂ ਜਿਸ ਤਰ੍ਹਾਂ ਕਹਿੰਦਾ ਹਾਂ ਉਸ ਤਰ੍ਹਾਂ ਕਰੋ। ਭੋਲੂ ਕਾਫ਼ੀ ਸਮਝਦਾਰ ਸੀ।

ਸ਼ੇਰ ਖਾਨ ਭੋਲੂ ਰਿੱਛ ਦੇ ਕਹਿਣ ਤੇ ਕਹਿਰ ਸਿੰਘ ਪਾਸ ਗਿਆ ਅਤੇ ਜਾ ਕੇ ਕਿਹਾ - ਮਹਾਰਾਜ ਅਸੀਂ ਤੁਹਾਡੇ ਲਈ ਇੱਕ ਨਵੀਂ ਗੁਫ਼ਾ ਬਣਾਈ ਹੈ। ਤੁਸੀਂ ਉਸ ਵਿੱਚ ਰਹੋ। ਕਹਿਰ ਸਿੰਘ ਨੇ ਜਦੋਂ ਸ਼ੇਰ ਖਾਨ ਪਾਸੋਂ ਆਪਣੀ ਤਾਰੀਫ਼ ਸੁਣੀ ਤਾਂ ਉਹ ਪਾਗਲ ਹੋ ਗਿਆ ਅਤੇ ਸ਼ੇਰ ਖਾਨ ਨਾਲ ਗੁਫ਼ਾ ਵੱਲ ਚਲ ਪਿਆ। ਜਦੋਂ ਗੁਫ਼ਾ ਕੋਲ ਪਹੁੰਚੇ ਤਾਂ ਛੋਟੂ ਖਰਗੋਸ਼ ਅੰਦਰ ਬੈਠਾ ਸੀ। ਸ਼ੇਰ ਖਾਨ ਨੇ ਕਿਹਾ - ਮਹਾਰਾਜ, ਤੁਹਾਡਾ ਨਾਸ਼ਤਾ ਵੀ ਤਿਆਰ ਹੈ। ਸ਼ੇਰ ਖਾਨ ਬਾਹਰ ਹੀ ਖੜਾ ਸੀ। ਭੋਲੂ ਰਿੱਛ ਦੀ ਯੋਜਨਾ ਅਨੁਸਾਰ ਜਦੋਂ ਕਹਿਰ ਸਿੰਘ ਗੁਫ਼ਾ ਅੰਦਰ ਗਿਆ ਤਾਂ ਸਭ ਨੇ ਮਿਲ ਕੇ ਗੁਫ਼ਾ ਨੂੰ ਇੱਕ ਵੱਡੇ ਪੱਥਰ ਨਾਲ ਬੰਦ ਕਰ ਦਿੱਤਾ ਅਤੇ ਛੋਟੂ ਖਰਗੋਸ਼ ਗੁਫ਼ਾ ਦੇ ਛੋਟੇ ਰਸਤੇ ਤੋਂ ਬਾਹਰ ਆ ਗਿਆ। ਕਹਿਰ ਸਿੰਘ ਗੁਫ਼ਾ ਅੰਦਰ ਬੰਦ ਹੋ ਗਿਆ। ਕਹਿਰ ਸਿੰਘ ਕਾਫ਼ੀ ਮੋਟਾ ਸੀ। ਉਹ ਛੋਟੇ ਰਸਤੇ ਤੋਂ ਬਾਹਰ ਨਹੀਂ ਆ ਸਕਦਾ ਸੀ। ਸ਼ੇਰ ਖਾਨ ਨੇ ਉਹ ਰਸਤਾ ਵੀ ਬੰਦ ਕਰ ਦਿੱਤਾ।

ਕਹਿਰ ਸਿੰਘ ਗੁਫ਼ਾ ਅੰਦਰ ਕਾਫ਼ੀ ਰੌਲਾ ਪਾ ਰਿਹਾ ਸੀ ਕਿ ਮੈਨੂੰ ਬਾਹਰ ਕੱਢ ਲਵੋ ਨਹੀਂ ਤਾਂ ਮੈਂ ਮਰ ਜਾਵਾਂਗਾ। ਸਾਰੇ ਜਾਨਵਰ ਹੁਣ ਖੁਸ਼ ਸਨ ਅਤੇ ਕਹਿ ਰਹੇ ਸਨ ਕਿ ਇਸ ਕਹਿਰ ਸਿੰਘ ਨੂੰ ਕਦੇ ਵੀ ਬਾਹਰ ਨਹੀਂ ਕੱਢਣਾ। ਕਹਿਰ ਸਿੰਘ ਦਾ ਸਾਹ ਅੰਦਰ ਬੰਦ ਹੋ ਗਿਆ ਸੀ। ਭੋਲੂ ਰਿੱਛ ਅਤੇ ਮੋਟੂ ਹਾਥੀ ਦੀ ਯੋਜਨਾ ਨਾਲ ਇਹ ਸਭ ਹੋਇਆ ਸੀ। ਸ਼ੇਰ ਖਾਨ ਨੇ ਉਹਨਾਂ ਦਾ ਬਹੁਤ ਧੰਨਵਾਦ ਕੀਤਾ। ਸ਼ੇਰ ਖਾਨ ਦਿਲ ਦਾ ਚੰਗਾ ਸੀ। ਉਸਨੇ ਦੇਖਿਆ ਕਿ ਕਹਿਰ ਸਿੰਘ ਨੇ ਚੀਕਣਾ ਚਿਲਾਉਣਾ ਬੰਦ ਕਰ ਦਿੱਤਾ ਹੈ ਤਾਂ ਉਸਨੇ ਕਿਹਾ - ਅਸੀਂ ਕਹਿਰ ਸਿੰਘ ਨੂੰ ਸਜ਼ਾ ਦਿੱਤੀ ਹੈ। ਪਰ ਜੇਕਰ ਕੋਈ ਬੁਰਾ ਕੰਮ ਕਰਦਾ ਹੈ ਤਾਂ ਸਾਨੂੰ ਵੀ ਉਸ ਵਰਗਾ ਨਹੀਂ ਬਣਨਾ ਚਾਹੀਦਾ। ਸ਼ੇਰ ਖਾਨ ਨੇ ਕਹਿਰ ਸਿੰਘ ਨੂੰ ਗੁਫ਼ਾ ਤੋਂ ਬਾਹਰ ਕੱਢਿਆ। ਉਹ ਬੇਹੋਸ਼ ਹੋ ਚੁੱਕਾ ਸੀ। ਕਾਫ਼ੀ ਦੇਰ ਬਾਅਦ ਉਸ ਨੂੰ ਹੋਸ਼ ਆਈ। ਉਸਨੇ ਜਦੋਂ ਆਪਣੇ ਆਲੇ-ਦੁਆਲੇ ਜਾਨਵਰ ਦੇਖੇ ਤਾਂ ਮਾਫ਼ੀ ਮੰਗਣ ਲੱਗਾ ਅਤੇ ਬੋਲਿਆ - ਸ਼ੇਰ ਖਾਨ ਤੂੰ ਬਹੁਤ ਚੰਗਾ ਹੈਂ। ਜੇਕਰ ਮੈਂ ਬੁਰਾ ਕੰਮ ਕੀਤਾ ਹੈ ਤਾਂ ਮੈਨੂੰ ਤੁਸੀਂ ਸਦਾ ਲਈ ਬੰਦ ਵੀ ਕਰ ਸਕਦੇ ਸੀ। ਇਸ ਲਈ ਮੈਨੂੰ ਮੁਆਫ਼ ਕਰ ਦੇਵੋ ਮੈਂ ਇਸ ਜੰਗਲ ਵਿੱਚ ਦੁਬਾਰਾ ਨਹੀਂ ਆਵਾਂਗਾ। ਸ਼ੇਰ ਖਾਨ ਨੇ ਉਸਨੂੰ ਮਾਫ਼ ਕਰ ਦਿੱਤਾ ਅਤੇ ਫਿਰ ਤੋਂ ਸਾਰੇ ਜਾਨਵਰ ਖੁਸ਼ੀ-ਖੁਸ਼ੀ ਰਹਿਣ ਲੱਗੇ।

- ਪਿਆਰੇ ਬੱਚਿਓ ! ਜੇਕਰ ਕੋਈ ਬੁਰਾ ਕੰਮ ਕਰਦਾ ਹੈ ਤਾਂ ਸਾਨੂੰ ਵੀ ਉਸ ਵਾਂਗ ਬੁਰਾ ਕੰਮ ਨਹੀਂ ਕਰਨਾ ਚਾਹੀਦਾ।

■



# ਕਦੇ ਨਾ ਭੁੱਲੋ

* ਸਿਮਰਨ ਕਰਨ ਵਾਸਤੇ ਸਮੇਂ ਦਾ ਕੋਈ ਬੰਧਨ ਨਹੀਂ ਹੈ। ਹਰ ਵੇਲੇ ਨਿਰੰਕਾਰ -ਸਤਿਗੁਰੂ ਦਾ ਧਿਆਨ ਕਰਕੇ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।
* ਆਪਣੇ ਦੁਖ-ਸੁਖ ਭੁੱਲ ਕੇ ਭਾਣਾ ਮੰਨਦੇ ਹੋਏ ਨਿਰੰਕਾਰ-ਸਤਿਗੁਰੂ ਦਾ ਸ਼ੁਕਰ ਕਰਦੇ ਰਹਿਣਾ ਚਾਹੀਦਾ ਹੈ।
* ਸਾਨੂੰ ਕਾਮਨਾ-ਰਹਿਤ ਹੋ ਕੇ ਹੀ ਸੇਵਾ, ਸਿਮਰਨ ਅਤੇ ਸਤਿਸੰਗ ਕਰਨਾ ਚਾਹੀਦਾ ਹੈ।

  (ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ)
* ਅਗਰ ਬੋਲਿਆਂ ਨੂੰ ਸੁਨਾਉਣਾ ਹੈ ਤਾਂ ਆਵਾਜ਼ ਬਹੁਤ ਜ਼ੋਰਦਾਰ ਹੋਣੀ ਚਾਹੀਦੀ ਹੈ।

  (ਸ਼ਹੀਦ ਭਗਤ ਸਿੰਘ)
* ਆਪਣੀ ਸਮਰਥਾ ਨੂੰ ਪਹਿਚਾਨ ਕੇ ਅਤੇ ਉਸ ਤੇ ਵਿਸ਼ਵਾਸ ਕਰਕੇ ਹੀ ਕੋਈ ਬਿਹਤਰ ਦੁਨੀਆ ਬਣਾ ਸਕਦਾ ਹੈ। (ਦਲਾਈ ਲਾਮਾ)
* ਮਹਾਨ ਆਤਮਾਵਾਂ ਨੇ ਹਮੇਸ਼ਾਂ ਮਾਮੂਲੀ ਸੋਚ ਵਾਲੇ ਲੋਕਾਂ ਦੇ ਹਿੰਸਕ ਵਿਰੋਧ ਦਾ ਸਾਹਮਣਾ ਕੀਤਾ ਹੈ। (ਅਲਬਰਟ ਆਈਸਟੀਨ)
* ਸ਼ਾਂਤੀ ਦੀ ਸ਼ੁਰੂਆਤ ਮੁਸਕਰਾਹਟ ਨਾਲ ਹੁੰਦੀ ਹੈ। (ਮਦਰ ਟੇਰੇਸਾ)
* ਵਿਅਕਤੀ ਦੇ ਸੁਭਾਅ ਤੇ ਉਸ ਦਾ ਭਵਿੱਖ ਨਿਰਭਰ ਕਰਦਾ ਹੈ।
* ਸੁਭਾਅ ਇਨਸਾਨ ਨੂੰ ਜਨਮ ਤੋਂ ਮਿਲਦਾ ਹੈ ਅਤੇ ਸਿਖਿਆ ਅਤੇ ਸੰਗਤ ਨਾਲ ਉਹਨੂੰ ਸੁਧਾਰਿਆ ਜਾ ਸਕਦਾ ਹੈ। (ਪ੍ਰੇਮਚੰਦ)
* ਸਵੈਭਿਮਾਨੀ ਵੀ ਉਹੀ ਸ੍ਰੇਸ਼ਠ ਹੈ ਜੋ ਨਿਮਰਤਾ ਨੂੰ ਪਹਿਲੇ ਸਥਾਨ ਤੇ ਰੱਖਦਾ ਹੈ।

  (ਸ਼ੇਕਸ਼ਪੀਅਰ)
* ਅਗਰ ਸਫਲਤਾ ਚਾਹੁੰਦੇ ਹੋ ਤਾਂ ਨਿਰਾਸ਼ਾਵਾਦੀ ਵਿਚਾਰਾਂ ਨੂੰ ਮਨ ਵਿਚੋਂ ਬਾਹਰ ਕਰੋ।

  (ਸਵੇਟ ਮਾਰਡੇਨ)
* ਜੋ ਆਪਣੀਆਂ ਬੁਰਾਈਆਂ ਤੇ ਵਿਜੈ ਪ੍ਰਾਪਤ ਕਰ ਲੈਂਦਾ ਹੈ, ਉਹੀ ਸੰਸਾਰ ਤੇ ਸ਼ਾਸਨ ਕਰ ਸਕਦਾ ਹੈ। (ਤੁਲਸੀਦਾਸ)
* ਇਕ ਛੇਕ ਵੀ ਜਹਾਜ਼ ਨੂੰ ਡੁਬੋ ਦਿੰਦਾ ਹੈ ਅਤੇ ਇਕ ਪਾਪ ਪਾਪੀ ਨੂੰ ਨਸ਼ਟ ਕਰ ਦਿੰਦਾ ਹੈ। (ਜਾਨ ਬੰਯਨ)
* ਜਿਸ ਦਾ ਈਮਾਨ ਨਹੀ ਉਹ ਇਨਸਾਨ ਨਹੀਂ, ਈਮਾਨ ਨ ਵੇਚੋ, ਭਲੇ ਹੀ ਸਭ ਕੁਝ ਵੇਚ ਦਿਉ।

  (ਸੁਕਰਾਤ)
* ਸਾਡਾ ਆਪਣਾ ਜੀਵਨ ਲੈਣ ਲਈ ਨਹੀਂ, ਦੇਣ ਲਈ ਹੁੰਦਾ ਹੈ।

  (ਸਵਾਮੀ ਵਿਵੇਕਾਨੰਦ)

❑ ਸੰਗ੍ਰਿਹ ਕਰਤਾ : ਜਗਤਾਰ 'ਚਮਨ'

ਲੇਖ : ਜੈਇੰਦਰ

# ਅਨੋਖਾ ਜੰਤੂ : ਜੈਕਾਨਾ

ਸੰਸਾਰ ਵਿੱਚ 'ਜੈਕਾਨਾ' ਦੀਆਂ ਸੱਤ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਇਹਨਾਂ ਵਿਚੋਂ ਕੇਵਲ ਦੋ ਪ੍ਰਜਾਤੀਆਂ ਸਾਡੇ ਦੇਸ਼ ਵਿੱਚ ਵੇਖਣ ਨੂੰ ਮਿਲਦੀਆਂ ਹਨ। ਸਾਡੇ ਦੇਸ਼ ਵਿਚ ਇਹਨੂੰ ਹਿਮਾਲਯ ਦੀ 6 ਹਜ਼ਾਰ ਫੁੱਟ ਤਕ ਦੀ ਉਚਾਈ ਵਾਲੇ ਸਥਾਨਾਂ ਤੇ ਵੀ ਵੇਖਿਆ ਜਾ ਸਕਦਾ ਹੈ। ਸਾਡੇ ਦੇਸ਼ ਦੇ ਇਲਾਵਾ ਇਹ ਆਸਟ੍ਰੇਲੀਆ, ਬਰਮਾ, ਬੰਗਲਾਦੇਸ਼, ਅਫਰੀਕਾ, ਪੇਰੂ, ਅਮਰੀਕਾ ਵਿੱਚ ਵੀ ਇਹ ਮਿਲ ਜਾਂਦਾ ਹੈ।ਇਸ ਦੀਆਂ ਕੁਝ ਵਿਦੇਸ਼ੀ ਪ੍ਰਜਾਤੀਆਂ ਜ਼ਹਿਰੀਲੀਆਂ ਵੀ ਹੁੰਦੀਆਂ ਹਨ।

ਜੈਕਾਨਾ ਦਾ ਸਿਰ, ਗਰਦਨ ਅਤੇ ਛਾਤੀ ਦਾ ਰੰਗ ਚਮਕੀਲਾ ਕਾਲਾ ਹੁੰਦਾ ਹੈ। ਪਿੱਠ ਅਤੇ ਖੰਭ ਗਹਿਰੇ ਰੰਗ ਦੇ ਹੁੰਦੇ ਹਨ। ਇਸਦੀ ਪੂਛ ਨਹੀਂ ਹੁੰਦੀ। ਇਹ ਵਧੀਆ ਤੈਰਾਕ ਹੋਣ ਦੇ ਨਾਲ ਹੀ ਨਾਲ ਚੰਗਾ ਗੋਤਾਖੋਰ ਵੀ ਹੁੰਦਾ ਹੈ। ਇਸਦੇ ਆਂਡੇ ਹਰੇ ਜਾਂ ਭੂਰੇ ਬਦਾਮੀ ਰੰਗ ਦੇ ਹੁੰਦੇ ਹਨ।

ਇਸ ਜੰਤੂ ਨੂੰ ਪਿੰਡਾਂ ਦੇ ਨੇੜੇ ਤਲਾਬਾਂ, ਰੁੱਖਾਂ-ਪੌਦਿਆਂ ਨਾਲ ਢੱਕੀਆਂ ਹੋਈਆਂ ਝੀਲਾਂ ਅਤੇ ਦਲਦਲ ਵਾਲੇ ਸਥਾਨਾਂ ਤੇ ਰਹਿਣਾ ਪਸੰਦ ਹੈ। ਇਹ ਜਲ ਕੁਮੁਦਿਨੀ ਅਤੇ ਸਿੰਘਾੜੇ ਦੀਆਂ ਵੇਲਾਂ ਤੇ ਪੈਰ ਰੱਖਦਾ ਹੋਇਆ ਇਸ ਤਰ੍ਹਾਂ ਅਗੇ ਵੱਧਦਾ ਹੈ ਕਿ ਦੂਰ ਤੋਂ ਵੇਖਣ ਤੇ ਲੱਗਦਾ ਹੈ ਮਾਨੋ ਪਾਣੀ ਤੇ ਚਲ ਰਿਹਾ ਹੋਵੇ। ਇਹ ਆਮਤੌਰ ਤੇ ਝੁੰਡ ਵਿੱਚ ਰਹਿੰਦਾ ਹੈ। ਇਸਦੇ 100 ਤੋਂ 150 ਤਕ ਦੇ ਝੁੰਡ ਵੇਖੇ ਜਾ ਸਕਦੇ ਹਨ, ਕਈ ਵਾਰ ਇਹਨਾਂ ਦਾ ਆਪਸ ਵਿੱਚ ਘਮਾਸਾਨ ਯੁੱਧ ਵੀ ਹੁੰਦਾ ਹੈ।



ਇਸ ਜੰਤੂ ਦਾ ਮੁਖ ਆਹਾਰ ਪਾਣੀ ਵਿੱਚ ਪਾਏ ਜਾਣ ਵਾਲੇ ਕੀੜੇ-ਮਕੌੜੇ ਅਤੇ ਵਨਸਪਤੀਆਂ ਹਨ। ਇਸਦੇ ਇਲਾਵਾ ਇਹ ਵਿਭਿੰਨ ਪ੍ਰਕਾਰ ਦੇ ਜਲ-ਪੌਦਿਆਂ ਦੇ ਬੀਜ਼ ਅਤੇ ਜੜਾਂ ਵੀ ਖਾਂਦੇ ਹਨ, ਭਿੰਨ-ਭਿੰਨ ਦੇਸ਼ਾਂ ਵਿੱਚ ਜਲਵਾਯੂ ਦੇ ਕਾਰਣ ਇਹ ਮਾਸਾਹਾਰੀ ਵੀ ਹੁੰਦਾ ਹੈ। ਇਸ ਦੀਆਂ ਅੱਖਾਂ ਛੋਟੀਆਂ-ਛੋਟੀਆਂ ਅਤੇ ਲੰਬਾਈ ਇਕ ਫੁੱਟ ਤਕ ਹੁੰਦੀ ਹੈ। ਇਹ ਅਕਸਰ ਕੀੜੇ, ਮਕੌੜੇ, ਬਿਛੂ, ਕਨਖਜ਼ੂਰਾ, ਕਾਕਰੋਚ, ਚੂਹੇ ਆਦਿ ਨੂੰ ਆਪਣਾ ਭੋਜਨ ਬਣਾਉਂਦਾ ਹੈ। ਇਥੇ ਇਸ ਦੀ ਇਕ ਜ਼ਹਿਰੀਲੀ ਪ੍ਰਜਾਤੀ 'ਟਿਰਰਾ' ਪਾਈ ਜਾਂਦੀ ਹੈ, ਜਿਸ ਦੇ ਜ਼ਹਿਰ ਦਾ ਅਸਰ ਬਹੁਤ ਤੇਜ਼ ਹੁੰਦਾ ਹੈ।

ਅਮਰੀਕਾ ਵਿੱਚ 'ਜੈਕਾਨਾ' ਭੂਰੇ ਸਲੇਟੀ ਰੰਗ ਦਾ ਹੁੰਦਾ ਹੈ। ਇਹ ਰੁੱਖਾਂ ਦੀਆਂ ਟਹਿਣੀਆਂ ਤੇ ਘਾਤ ਲਗਾ ਕੇ ਛੋਟੀਆਂ ਚਿੜੀਆਂ, ਪਰਿੰਦਿਆਂ ਦੇ ਆਂਡਿਆਂ ਦਾ ਸ਼ਿਕਾਰ ਕਰਦਾ ਹੈ। ਇਸਦੇ ਇਲਾਵਾ ਇਹ ਨਾਗਿਨ ਦੇ ਨਵਜਾਤ ਬੱਚਿਆਂ ਨੂੰ ਬੜੀ ਤਰਕੀਬ ਨਾਲ ਚੁਰਾ ਕੇ ਹਜ਼ਮ ਕਰ ਜਾਂਦਾ ਹੈ। ਇਹ ਬੜਾ ਗੁਸੈਲਾ ਹੁੰਦਾ ਹੈ, ਛੇੜਨ ਤੇ ਇਹ ਤੁਰੰਤ ਕੱਟ ਲੈਂਦਾ ਹੈ।

ਬੰਗਲਾਦੇਸ਼ ਅਤੇ ਪੇਰੂ ਵਿੱਚ ਇਸ ਜੰਤੂ ਦਾ ਵਰਣ ਮਟਮੈਲਾ, ਪੀਲਾ ਹੁੰਦਾ ਹੈ। ਇਹ ਧਾਨ ਦੀਆਂ ਫਸਲਾਂ ਦੇ ਕੀਟ-ਪਤੰਗਿਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਇਸਦੇ ਇਲਾਵਾ ਪੌਦਿਆਂ ਦੀਆਂ ਜੜ੍ਹਾਂ ਅਤੇ ਮਿੱਟੀ ਦੇ ਕੀੜਿਆਂ ਨੂੰ ਵੀ ਬੜੇ ਚਾਅ ਨਾਲ ਚੱਟ ਕਰ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਦੀ ਮਾਦਾ ਸਦਾ ਇਸ ਨੂੰ ਛੇੜ ਕੇ ਇਧਰ-ਉਧਰ ਨਚਾਉਂਦੀ ਰਹਿੰਦੀ ਹੈ। ■

ਕਹਾਣੀ : ਓ.ਪੀ. ਰਾਜਕੁਮਾਰ

# ਅਸਲੀ ਸਿਖਿਆ

ਜਤਿੰਦਰ ਬਜਾਰ ਤੋਂ ਸਮਾਨ ਖ੍ਰੀਦ ਕੇ ਆਪਣੇ ਘਰ ਵਾਪਸ ਆਇਆ। ਮਨ ਹੀ ਮਨ ਬਹੁਤ ਖੁਸ਼ ਹੋ ਰਿਹਾ ਸੀ। ਉਹ ਆਪਣੇ ਦਿਲ ਵਿਚ ਸੋਚ ਰਿਹਾ ਸੀ ਕਿ ਜਦ ਉਸਦੀ ਮੰਮੀ ਨੂੰ ਇਹ ਪਤਾ ਲੱਗੇਗਾ ਕਿ ਉਸਦਾ ਬੇਟਾ ਮੁਫਤ ਵਿਚ ਹੀ ਸਮਾਨ ਖ੍ਰੀਦ ਕੇ ਲਿਆਇਆ ਹੈ ਤਾਂ ਉਹ ਖੁਸ਼ੀ ਨਾਲ ਝੂੰਮ ਉਠੇਗੀ ਅਤੇ ਉਸਦੀ ਚਤੁਰਾਈ ਲਈ ਉਸ ਨੂੰ ਸ਼ਾਬਾਸ਼ੀ ਦਏਗੀ। ਇਹ ਸੋਚ-ਸੋਚ ਕੇ ਉਹ ਖੁਸ਼ੀ ਨਾਲ ਮੁਸਕਰਾ ਰਿਹਾ ਸੀ।

– ਲੈ ਆਏ ਸਾਮਾਨ? – ਘਰ ਪਹੁੰਚਦੇ ਹੀ ਉਸ ਦੀ ਮੰਮੀ ਨੇ ਉਸ ਨੂੰ ਪੁੱਛਿਆ ਤਾਂ ਉਹ ਖੁਸ਼ੀ ਨਾਲ ਮੁਸਕਰਾਉਂਦੇ ਹੋਏ ਬੋਲਿਆ – ਮੰਮੀ! ਆਪ ਦਾ ਬੇਟਾ ਸਮਾਨ ਵੀ ਲੈ ਆਇਆ ਅਤੇ ਆਪ ਦਾ ਦਿੱਤਾ ਹੋਇਆ ਇਹ ਪੰਜਾਹ ਰੁਪਏ ਦਾ ਨੋਟ ਵੀ।

– ਉਹ ਕਿਵੇਂ? – ਸੁਣ ਕੇ ਉਸ ਦੀ ਮੰਮੀ ਨੇ ਹੈਰਾਨ ਹੋ ਕੇ ਉਸ ਤੋਂ ਪੁੱਛਿਆ।

– ਉਹ ਬੋਲਿਆ – ਮੈਨੂੰ ਸਾਮਾਨ ਦੇਣ ਦੇ ਬਾਅਦ ਦੁਕਾਨਦਾਰ ਦੂਸਰੇ ਗਾਹਕਾਂ ਨੂੰ ਸਾਮਾਨ ਦੇਣ ਲੱਗ ਪਿਆ ਸੀ। ਉਹਨੂੰ ਪੰਜਾਹ ਰੁਪਏ ਦਾ ਆਪਣਾ ਨੋਟ ਮੈਂ ਪਹਿਲਾਂ ਹੀ ਦੇ ਦਿੱਤਾ ਸੀ। ਆਪਣੇ ਬਚੇ ਹੋਏ ਦੋ ਰੁਪਏ ਉਸ ਤੋਂ ਲੈਣ ਲਈ ਮੈਂ ਦੁਕਾਨ ਤੇ ਖੜਾ ਹੋਇਆ ਸੀ। ਉਸ ਨੇ ਸੋਚਿਆ ਕਿ ਮੈਂ ਉਹਨੂੰ ਸੌ ਰੁਪਏ ਦਾ ਨੋਟ ਦਿਤਾ ਸੀ। ਇਹ ਸੋਚ ਕੇ ਉਸ ਨੇ ਦੋ ਰੁਪਏ ਦੇ ਨਾਲ ਮੈਨੂੰ ਇਹ ਪੰਜਾਹ ਰੁਪਏ ਦਾ ਨੋਟ ਵੀ ਵਾਪਸ ਕਰ ਦਿੱਤਾ।

ਇਹ ਕਹਿ ਕੇ ਜਤਿੰਦਰ ਆਪਣੀ ਇਸ ਚਤੁਰਾਈ ਤੇ ਮਾਣ ਨਾਲ ਮੁਸਕੁਰਾਉਂਦੇ ਹੋਏ ਆਪਣੀ ਮੰਮੀ ਵੱਲ ਵੇਖਣ ਲੱਗਾ। ਉਸ ਦੀ ਮੰਮੀ ਬੋਲੀ – ਉਸ ਸਮੇਂ ਤੈਨੂੰ ਇਹ ਡਰ ਨਹੀਂ ਲੱਗਾ ਕਿ ਕਿਤੇ ਦੁਕਾਨਦਾਰ ਨੂੰ ਯਾਦ ਨਾ ਆ ਜਾਏ ਕਿ ਤੂੰ ਉਹਨੂੰ ਪੰਜਾਹ ਰੁਪਏ ਦਾ ਨੋਟ ਹੀ ਦਿੱਤਾ ਸੀ?

ਮੈਨੂੰ ਡਰ ਤਾਂ ਲੱਗਾ ਸੀ ਮੰਮੀ! ਮੈਨੂੰ ਤਾਂ ਹੁਣ ਵੀ ਡਰ ਲੱਗ ਰਿਹਾ ਹੈ ਕਿ ਉਸ ਨੂੰ ਇਹ ਯਾਦ ਨਾ ਆ ਜਾਏ। ਅਗਰ ਉਹਨੂੰ ਇਹ ਯਾਦ ਆ ਗਿਆ ਤਾਂ ਉਹ ਸਾਡੇ ਘਰ ਵੀ ਆ ਸਕਦਾ ਹੈ। – ਜਤਿੰਦਰ ਨੇ ਆਪਣੀ ਮੰਮੀ ਦੇ ਪ੍ਰਸ਼ਨ ਦਾ ਜਵਾਬ ਦਿੱਤਾ।

ਉਸ ਦੀ ਮੰਮੀ ਉਸ ਨੂੰ ਬੋਲੀ– ਅਗਰ ਉਹਨੂੰ ਇਹ ਯਾਦ ਆ ਗਿਆ ਤਾਂ ਇਸ ਨਾਲ ਸਾਡੀ ਕਿੰਨੀ ਬਦਨਾਮੀ ਹੋਵੇਗੀ?

ਸਾਰੇ ਲੋਕ ਸਾਨੂੰ ਬੇਈਮਾਨ ਅਤੇ ਧੋਖੇਬਾਜ ਸਮਝ ਕੇ ਸਾਡੇ ਨਾਲ ਘ੍ਰਿਣਾ ਕਰਨਗੇ ਬੇਟਾ।

ਇਹ ਸੁਣ ਕੇ ਜਤਿੰਦਰ ਬੋਲਿਆ – ਆਪ ਠੀਕ ਕਹਿ ਰਹੇ ਹੋ ਮੰਮੀ। – ਤਦੇ ਉਹਨਾਂ ਦੇ ਦਰਵਾਜੇ ਤੇ ਕੋਈ ਆਇਆ ਤਾਂ ਜਤਿੰਦਰ ਬੋਲਿਆ– ਮੰਮੀ ਕਿਤੇ ਦੁਕਾਨਦਾਰ ਹੀ ਤਾਂ ਨਹੀਂ ਆ ਗਿਆ? ਮੈਨੂੰ ਡਰ ਲਗ ਰਿਹਾ ਹੈ। ਸ਼ਾਇਦ ਉਹਨੂੰ ਯਾਦ ਆ ਗਿਆ ਹੋਵੇ ਕਿ ਮੈਂ ਤਾਂ ਉਹਨੂੰ ਪੰਜਾਹ ਰੁਪਏ ਦਾ ਹੀ ਨੋਟ ਦਿੱਤਾ ਸੀ।

– ਜਾ! ਦਰਵਾਜਾ ਖੋਲ੍ਹ ਕੇ ਵੇਖ ਕਿ ਕੌਣ ਆਇਆ ਹੈ? ਉਸ ਦੀ ਮੰਮੀ ਨੇ ਉਸ ਨੂੰ ਕਿਹਾ ਤਾਂ ਉਹ ਬੋਲਿਆ– ਮੈਨੂੰ ਤਾਂ ਡਰ ਲੱਗ ਰਿਹਾ ਹੈ ਮੰਮੀ। ਆਪ ਹੀ ਵੇਖੋ।

ਉਸ ਦੀ ਮੰਮੀ ਨੇ ਦਰਵਾਜਾ ਖੋਲ੍ਹਿਆ ਤਾਂ ਉਥੇ ਪੁਲਿਸ ਦੇ ਸਿਪਾਹੀ ਨੂੰ ਵੇਖ ਕੇ ਜਤਿੰਦਰ ਡਰ ਗਿਆ। ਉਸ ਨੇ ਸੋਚਿਆ – ਸ਼ਾਇਦ ਦੁਕਾਨਦਾਰ ਨੇ ਹੀ ਉਹਨੂੰ ਫੜਾਉਣ ਲਈ ਸਿਪਾਹੀ



ਨੂੰ ਉਸ ਦੇ ਘਰ ਭਿਜਵਾਇਆ ਹੈ। ਇਹ ਸੋਚ ਕੇ ਉਹ ਡਰਦੇ ਹੋਏ ਆਪਣੇ ਕਮਰੇ ਵਿੱਚ ਜਾ ਕੇ ਲੁਕ ਗਿਆ।

– ਕਿਥੇ ਲੁਕ ਗਿਆ ਤੂੰ? -ਸਿਪਾਹੀ ਨੇ ਜਤਿੰਦਰ ਨੂੰ ਕਿਹਾ ਤਾਂ ਉਹ ਬੁਰੀ ਤਰ੍ਹਾਂ ਡਰ ਗਿਆ। ਉਸ ਦੀ ਮੰਮੀ ਨੇ ਜਦ ਉਸ ਦੀ ਇਹ ਹਾਲਤ ਵੇਖੀ ਤਾਂ ਉਹ ਉਸ ਨੂੰ ਬੋਲੀ – ਬੇਟੇ, ਇਹ ਤਾਂ ਤੇਰੇ ਪਾਪਾ ਦੇ ਦੋਸਤ ਹਨ।

– ਮੈਨੂੰ ਤਾਂ ਪੁਲਿਸ ਤੋਂ ਡਰ ਲੱਗਦਾ ਹੈ ਮੰਮੀ – ਸੁਣ ਕੇ ਜਤਿੰਦਰ ਨੇ ਡਰਦੇ ਹੋਏ ਕਿਹਾ।

ਮੰਮੀ ਬੋਲੀ – ਬੁਰਾ ਕੰਮ ਕਰਨ ਤੇ ਹੀ ਡਰ ਲੱਗਦਾ ਹੈ ਬੇਟੇ। ਚੰਗੇ ਕੰਮ ਕਰਨ ਵਾਲੇ ਲੋਕ ਨਿਡੱਰ ਹੋ ਕੇ ਰਹਿੰਦੇ ਹਨ। ਉਹਨਾਂ ਨੂੰ ਕਦੇ ਕਿਸੇ ਤੋਂ ਡਰ ਨਹੀਂ ਲੱਗਦਾ।

– ਤੇਰੀ ਮੰਮੀ ਠੀਕ ਕਹਿ ਰਹੀ ਹੈ ਬੇਟੇ। – ਕਹਿ ਕੇ ਸਿਪਾਹੀ ਉਥੋਂ ਚਲਾ ਗਿਆ ਤਾਂ ਜਤਿੰਦਰ ਆਪਣੀ ਮੰਮੀ ਦੇ ਕੋਲ ਆ ਗਿਆ। ਉਸ ਨੂੰ ਡਰਦੇ ਹੋਏ ਵੇਖ ਕੇ ਉਸ ਦੀ ਮੰਮੀ ਉਸ ਨੂੰ ਬੋਲੀ – ਚਲ ਉਸ ਦੁਕਾਨਦਾਰ ਦੇ ਕੋਲ ਚਲਦੇ ਹਾਂ। ਉਸ ਦੇ ਕੋਲ ਜਾ ਕੇ ਉਹਨੂੰ ਉਸ ਦੇ ਪੰਜਾਹ ਰੁਪਏ ਵਾਪਿਸ ਦਿੰਦੇ ਹਾਂ। ਤਦੇ ਤੇਰਾ ਡਰ ਦੂਰ ਹੋਏਗਾ।

– ਹਾਂ ਮੰਮੀ ਚਲੋ।– ਜਤਿੰਦਰ ਨੇ ਕਿਹਾ ਅਤੇ ਫਿਰ ਉਹ ਉਹਨਾਂ ਨਾਲ ਦੁਕਾਨਦਾਰ ਦੇ ਕੋਲ ਗਿਆ। ਦੁਕਾਨ ਤੇ ਪਹੁੰਚ ਕੇ ਜਦ ਉਸ ਦੀ ਮੰਮੀ ਨੇ ਆਪਣੇ ਬੇਟੇ ਜਤਿੰਦਰ ਦੀਆਂ ਗੱਲਾਂ ਦੱਸੀਆਂ ਤਾਂ ਸੁਣ ਕੇ ਦੁਕਾਨਦਾਰ ਉਹਨਾਂ ਨੂੰ ਬੋਲਿਆ– ਆਪ ਨੇ ਆਪਣੇ ਬੱਚੇ ਨੂੰ ਅਜਿਹੀ ਸਿੱਖਿਆ ਦੇ ਕੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਭੈਣ ਜੀ! ਮੈਂ ਵੀ ਜਦ ਆਪਣੀ ਦੁਕਾਨ ਦੀਆਂ ਚੀਜ਼ਾਂ ਵਿਚ ਮਿਲਾਵਟ ਕਰਕੇ ਵੇਚਦਾ ਹਾਂ ਤਾਂ ਮੈਨੂੰ ਵੀ ਹਮੇਸ਼ਾਂ ਇਹੀ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਮੈਂ ਫੜਿਆ ਨਾ ਜਾਵਾਂ। ਹੁਣ ਮੈਂ ਵੀ ਨਾ ਤਾਂ ਆਪਣੀ ਦੁਕਾਨ ਦੀਆਂ ਚੀਜ਼ਾਂ ਵਿੱਚ ਕਦੇ ਮਿਲਾਵਟ ਕਰਾਂਗਾ ਅਤੇ ਨਾ ਹੀ ਉਹਨਾਂ ਦੀ ਕਾਲਾ-ਬਜ਼ਾਰੀ ਕਰਕੇ ਉਹਨਾਂ ਤੋਂ ਜ਼ਿਆਦਾ ਲਾਭ ਕਮਾਵਾਂਗਾ।

ਸੁਣ ਕੇ ਜਤਿੰਦਰ ਦੇ ਚਿਹਰੇ ਤੇ ਮੁਸਕਰਾਹਟ ਆ ਗਈ। ਉਹਨੂੰ ਮੁਸਕਰਾਂਦੇ ਹੋਏ ਵੇਖ ਕੇ ਦੁਕਾਨਦਾਰ ਉਸ ਦੀ ਮੰਮੀ ਨੂੰ ਬੋਲਿਆ – ਭੈਣ ਜੀ, ਦੇਸ਼ ਦੇ ਸਾਰੇ ਲੋਕ ਤੁਹਾਡੇ ਵਾਂਗ ਆਪਣੇ ਬੱਚਿਆਂ ਨੂੰ ਅਜਿਹੀ ਹੀ ਸਿਖਿਆ ਦੇਣ ਤਾਂ ਉਹਨਾਂ ਦੇ ਬੱਚੇ ਆਪਣੇ ਜੀਵਨ ਵਿੱਚ ਕਦੇ ਕੋਈ ਅਜਿਹਾ ਕੰਮ ਨਹੀਂ ਕਰਨਗੇ ਜਿਸ ਨਾਲ ਉਹਨਾਂ ਦੀ ਬਦਨਾਮੀ ਹੋਵੇ ਅਤੇ ਉਹਨਾਂ ਨੂੰ ਅਪਮਾਨਿਤ ਹੋਣਾ ਪਵੇ। – ਕਹਿ ਕੇ ਦੁਕਾਨਦਾਰ ਜਤਿੰਦਰ ਨੂੰ ਬੋਲਿਆ – ਬੇਟਾ, ਬੁਰੇ ਅਤੇ ਅਨੁਚਿਤ ਕੰਮ ਕਰਨ ਵਾਲੇ ਲੋਕ ਆਪਣੇ ਅਪਰਾਧ ਤੋਂ ਹਮੇਸ਼ਾਂ ਡਰਦੇ ਰਹਿੰਦੇ ਹਨ। ਇਸ ਲਈ ਸਾਨੂੰ ਹਮੇਸ਼ਾਂ ਉਚਿਤ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ।

ਸੁਣ ਕੇ ਜਤਿੰਦਰ ਦੀ ਮੰਮੀ ਉਸ ਨੂੰ ਬੋਲੀ – ਦੂਸਰਿਆਂ ਨੂੰ ਧੋਖਾ ਦੇ ਕੇ ਅਸੀਂ ਉਨ੍ਹਾਂ ਨੂੰ ਨਹੀਂ ਬਲਕਿ ਖੁਦ ਨੂੰ ਧੋਖਾ ਦਿੰਦੇ ਹਾਂ। ਭਗਵਾਨ ਵੀ ਸਾਨੂੰ ਸਾਡੇ ਬੁਰੇ ਕਰਮਾਂ ਦੀ ਸਜਾ ਦਿੰਦੇ ਹਨ। -ਮੰਮੀ ! ਹੁਣ ਮੈਂ ਕਦੇ ਧੋਖਾ ਨਹੀਂ ਦੇਵਾਂਗਾ ਅਤੇ ਨਾ ਹੀ ਕਦੇ ਕੋਈ ਅਜਿਹਾ ਕੰਮ ਕਰਾਂਗਾ ਜਿਸ ਦੇ ਕਾਰਣ ਮੈਨੂੰ ਅੱਜ ਵਾਂਗ ਡਰਨਾ ਪਵੇ। ਮੈਂ ਹਮੇਸ਼ਾਂ ਚੰਗੇ ਅਤੇ ਉਚਿਤ ਕੰਮ ਕਰਕੇ ਨਿਡੱਰ ਹੋ ਰਹਾਂਗਾ। – ਸੁਣ ਕੇ ਉਸ ਦੀ ਮੰਮੀ ਖੁਸ਼ੀ ਨਾਲ ਮੁਸਕਰਾ ਉਠੀ। ■






# ਦਾਦਾ ਜੀ


ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ







ਉਥੇ ਜਾਂਦੇ ਹੀ ਵਿਨੈ ਨੇ ਆਪਣੀਆਂ ਸ਼ੈਤਾਨੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਰੋਜ਼ ਲੋਕ ਸ਼ਿਕਾਇਤਾਂ ਲੈ ਕੇ ਨਾਨਾ ਜੀ ਕੋਲ ਪਹੁੰਚ ਜਾਂਦੇ।
ਨਾਨਾ ਜੀ ਵਿਨੈ ਨੂੰ ਆਪਣੇ ਕੋਲ ਬੁਲਾ ਕੇ ਪਿਆਰ ਨਾਲ ਸਮਝਾਉਂਦੇ। ਉਹ ਕੰਨ ਫੜ ਕੇ ਮਾਫੀ ਵੀ ਮੰਗਦਾ ਲੇਕਿਨ ਥੋੜੀ ਦੇਰ ਬਾਦ ਹੀ ਸਭ ਕੁਝ ਭੁੱਲ ਕੇ ਫਿਰ ਸ਼ੈਤਾਨੀਆਂ ਕਰਨ
ਉਹਨੂੰ ਸਮਝਾਉਣ ਲਈ ਨਾਨਾ ਜੀ ਇਕ ਦਿਨ ਉਹਨੂੰ ਆਪਣੇ ਖੇਤ ਵਿੱਚ ਲੈ ਗਏ। ਉਥੇ ਜਾ ਕੇ ਉਹਨਾਂ ਨੇ ਵਿਨੈ ਨੂੰ ਇਕ ਛੋਟਾ ਜਿਹਾ ਪੌਦਾ ਉਖਾੜਨ ਲਈ ਕਿਹਾ।


ਵਿਨੈ ਨੇ ਝੱਟ ਨਾਲ ਉਹਨੂੰ ਉਖਾੜ ਦਿੱਤਾ। ਉਸ ਦੇ ਬਾਦ ਨਾਨਾ ਜੀ ਨੇ ਉਹਨੂੰ ਇਕ ਥੋੜੇ ਵੱਡੇ ਪੌਦੇ ਨੂੰ ਉਖਾੜਨ ਲਈ ਕਿਹਾ। ਵਿਨੈ ਨੇ ਉਹਨੂੰ ਵੀ ਖਿਚ ਕੇ ਕੱਢ ਦਿੱਤਾ।
ਦੂਸਰਾ ਪੌਦਾ ਉਖਾੜਨ ਦੇ ਬਾਦ ਉਹ ਖੁਸ਼ੀ ਨਾਲ ਨੱਚਣ ਲਗਾ ਅਤੇ ਬੋਲਿਆ - ਨਾਨਾ ਜੀ ਹੁਣ ਤਾਂ ਮੈਂ ਤਾਕਤਵਰ ਵੀ ਹੋ ਗਿਆ ਹਾਂ। ਮੈਂ ਕੁਝ ਵੀ ਕਰ ਸਕਦਾ ਹਾਂ।
ਹੁਣ ਨਾਨਾ ਜੀ ਨੇ ਉਹਨੂੰ ਇਕ ਕਾਫੀ ਵੱਡੇ ਪੌਦੇ ਨੂੰ ਉਖਾੜਨ ਲਈ ਕਿਹਾ। ਵਿਨੈ ਨੇ ਪੂਰਾ ਜ਼ੋਰ ਲਗਾ ਦਿੱਤਾ। ਲੇਕਿਨ ਉਸ ਪੌਦੇ ਨੂੰ ਉਖਾੜ ਨਹੀ ਸਕਿਆ।


ਵਿਨੈ ਨੇ ਡੂੰਘੀ ਸਾਹ ਲੈਂਦੇ ਹੋਏ ਕਿਹਾ- ਨਾਨਾ ਜੀ, ਇਹਨੂੰ ਉਖਾੜਨਾ ਤਾਂ ਬਹੁਤ ਹੀ ਮੁਸ਼ਕਿਲ ਹੈ। ਇਸ ਲਈ ਤਾਂ ਮੈਨੂੰ ਬਹੁਤ ਮਿਹਨਤ ਕਰਨੀ ਪਏਗੀ।
ਤਦ ਨਾਨਾ ਜੀ ਨੇ ਕਿਹਾ - ਬੇਟੇ, ਇੰਝ ਹੀ ਸਾਡੀਆਂ ਆਦਤਾਂ ਦੇ ਨਾਲ ਹੈ। ਉਹਨਾਂ ਨੂੰ ਸ਼ੁਰੂ ਵਿਚ ਛੱਡਣਾ ਬਹੁਤ ਆਸਾਨ ਹੈ। ਲੇਕਿਨ ਜਦ ਉਹ ਸਾਡੇ ਸੁਭਾਅ ਵਿੱਚ ਗਹਿਰਾਈ ਤਕ ਜੜਾਂ ਜਮਾ ਲੈਂਦੀਆਂ ਹਨ ਤਾਂ ਉਹਨਾਂ ਨੂੰ ਇਸ ਵੱਡੇ ਪੌਦੇ ਦੀ ਤਰ੍ਹਾਂ ਉਖਾੜਨਾ ਜਾਂ ਛੱਡਣਾ ਬਹੁਤ ਮੁਸ਼ਕਿਲ ਹੁੰਦਾ ਹੈ।
ਬੇਟਾ, ਤੂੰ ਹੁਣ ਆਪਣੀਆਂ ਇਹਨਾਂ ਬੁਰਾਈਆਂ ਨੂੰ ਛੱਡ ਸਕਦਾ ਹੈ ਕਿਉਂਕਿ ਤੂੰ ਹਾਲਾਂ ਛੋਟਾ ਹੈ। ਹੁਣ ਵੀ ਤੂੰ ਚੰਗਾ ਬੱਚਾ ਬਣ ਸਕਦਾ ਹੈ।
ਵਿਨੈ ਨੇ ਪ੍ਰਣ ਲਿਆ ਕਿ ਉਹ ਹੁਣ ਕਦੇ ਵੀ ਸ਼ਰਾਰਤ ਨਹੀਂ ਕਰੇਗਾ ਅਤੇ ਚੰਗਾ ਬੱਚਾ ਬਣੇਗਾ। ਨਾਨਾ ਜੀ ਦੀ ਇਸ ਸਿਖਿਆ ਨਾਲ ਵਿਨੈ ਦਾ ਜੀਵਨ ਬਿਲਕੁਲ ਬਦਲ ਗਿਆ। ਉਸ ਦੇ ਬਾਅਦ ਉਹ ਇਕ ਚੰਗੇ ਬੱਚੇ ਵਾਂਗ ਰਹਿਣ ਲੱਗਾ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
10 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Amnji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.) Ph. 22-24102047 | Sant Nirankari Satsang Bhawan, 88, Rattanvilas Road, Southend Circle, Basavangudi, BENGALURU-560 004 (Kamataka) Ph. 080-26577212 | Sant Nirankari Satsang Bhawan, 884.G.T. Road, Laxmipur-2 East Bardhman—713101 Ph. 0342-2857219 |

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)